ਜੇਕਰ ਨਹੀਂ ਸੁਣ ਰਿਹਾ ਸਰਕਾਰੀ ਗੈਰਸਰਕਾਰੀ ਦਫਤਰ ਵਿੱਚ ਤੁਹਾਡੀ
ਜਾਂ ਹੋ ਚੁੱਕੇ ਹੋ
ਠੱਗੀ ਦਾ ਸ਼ਿਕਾਰ
ਕਰੋ ਇਕ ਫੋਨ ਸਾਡੇ ਪੱਤਰਕਾਰ ਤੁਹਾਡੀ ਪਰੇਸ਼ਾਨੀ ਪਹੁੰਚਾਉਣਗੇ ਉਚ ਅਧਿਕਾਰੀਆਂ ਤੇ ਪ੍ਰਸ਼ਾਸਨ ਤੱਕ ਟੋਲ ਫਰੀ ਨੰ:-
0181-2211009



ਰੋਜਾਨਾ

ਸੱਚ ਤੇ ਨਿਡਰ ਆਵਾਜ

# ਲੋਕ ਬਾਣੀ

Email : lokbani08@gmail.com

19 ਫਰਵਰੀ 2023

ਮੁੱਖ ਸੰਪਾਦਕ : - ਅਮਨ ਮਹਿਰਾ (ਜਲੰਧਰ)









R.N.I. /Punpun/29016/2008/ • ਸਾਲ : 15 • ਅੰਕ : 51 • ਮੁੱਲ : 5.00 ਰੁਪਏ • ਕੁੱਲ ਪੇਜ : 10 • ਫੈਕਸ: 0181-2211009, 99155-94111


## ਪਾਕਿ ਦੇ ਮੰਤਰੀ ਆਸਿਫ਼ ਨੇ ਪਾਕਿਸਤਾਨ ਦੀਵਾਲੀਆ ਹੋਣ ’ਤੇ ਦੁੱਖ ਜਤਾਇਆ

**ਇਸਲਾਮਾਬਾਦ/ਲੋਕ ਬਾਣੀ**

ਪਾਕਿਸਤਾਨ ਜੋ ਕਿ ਪਹਿਲਾਂ ਹੀ ਆਰਥਿਕ ਤੰਗੀ ਦੇ ਨਾਲ ਜੂਝ ਰਿਹਾ ਹੈ, ਕੀ ਪਾਕਿਸਤਾਨ ਸੱਚਮੁੱਚ ਦੀਵਾਲੀਆ ਹੋ ਚੁੱਕਾ ਹੈ ? ਇਹ ਸਵਾਲ ਪਾਕਿਸਤਾਨ ਦੇ ਰੱਖਿਆ ਮੰਤਰੀ ਦਾ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਚੁੱਕਿਆ ਜਾ ਰਿਹਾ ਹੈ।ਇਸ ਵੀਡੀਓ ਦੇ ਵਿੱਚ ਰੱਖਿਆ ਮੰਤਰੀ ਖਵਾਜਾ ਆਸਿਫ਼ ਪਾਕਿਸਤਾਨ ਨੂੰ ਦੀਵਾਲੀਆ ਦੱਸਦੇ ਹੋਏ ਨਜ਼ਰ ਆ ਰਹੇ ਹਨ। ਦਰਅਸਲ ਪਾਕਿਸਤਾਨ ਦੇ ਰੱਖਿਆ ਮੰਤਰੀ



ਖਵਾਜਾ ਆਸਿਫ਼ ਨੇ ਸਿਆਲਕੋਟ ਵਿੱਚ ਇੱਕ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਇਹ ਦਾਅਵਾ ਕੀਤਾ ਹੈ । ਉਨ੍ਹਾਂ ਨੇ ਕਿਹਾ ਕਿ ਪਾਕਿਸਤਾਨ ਪਹਿਲਾਂ ਹੀ ਦੀਵਾਲੀਆ ਹੈ ਅਤੇ ਅਸੀਂ ਦੀਵਾਲੀਆ ਦੇਸ਼ ਦੇ ਵਿੱਚ ਰਹਿ ਰਹੇ ਹਾਂ। ਹਾਲਾਂਕਿ ਉਨ੍ਹਾਂ ਨੇ ਇਸ ਦੇ ਨਾਲ ਹੀ ਪਾਕਿਸਤਾਨ ਨੂੰ ਮੁੜ ਉਭਰਨ ਦਾ ਤਰੀਕਾ ਵੀ ਸੁਝਾਇਆ।ਪਾਕਿਸਤਾਨ ਦੇ ਰੱਖਿਆ ਮੰਤਰੀ ਨੇ ਕਿਹਾ ਕਿ ਤੁਸੀਂ ਲੋਕਾਂ ਨੂੰ ਇਹ ਗੱਲ ਕਰਦੇ ਸੁਣਿਆ ਹੋਵੇਗਾ ਕਿ ਪਾਕਿਸਤਾਨ ਦੀਵਾਲੀਆ ਹੋ ਗਿਆ ਹੈ,ਆਰਥਿਕ ਮੰਦਹਾਲੀ ਹੋ ਰਹੀ ਹੈ ਅਤੇ ਪਤਾ ਨਹੀਂ ਕਦੋਂ ਦੇਸ਼ ਇਸ ਤੋਂ ਉਭਰ ਸਕੇਗਾ। ਜ਼ਿਕਰਯੋਗ ਹੈ ਕਿ ਪਾਕਿਸਤਾਨ ਦੀ ਮਸ਼ਹੂਰ ਏਆਰਵਾਈ ਨਿਊਜ਼ ਦੇ ਮੁਤਾਬਕ ਪਾਕਿਸਤਾਨ ਦੇ ਰੱਖਿਓ ਮੰਤਰੀ ਨੇ ਕਿਹਾ ਕਿ ਅਜਿਹਾ ਨਹੀਂ ਹੋ ਰਿਹਾ, ਸਗੋਂ ਪਹਿਲਾਂ ਵੀ ਹੋ ਚੁੱਕਾ ਹੈ। ਅਸੀਂ ਇੱਕ ਦੀਵਾਲੀਆ ਦੇਸ਼ ਵਿੱਚ ਰਹਿ ਰਹੇ ਹਾਂ। ਆਪਣੇ ਭਾਸ਼ਣ ਦੇ ਵਿੱਚ ਪਾਕਿਸਤਾਨੀ ਰੱਖਿਆ ਮੰਤਰੀ ਨੇ ਦੇਸ਼ ਨੂੰ ਆਰਥਿਕ ਸੰਕਟ ਵਿੱਚੋਂ ਕੱਢਣ ਦਾ ਤਰੀਕਾ ਵੀ ਸੁਝਾਇਆ।

## ਅੰਮ੍ਰਿਤਪਾਲ ਨੇ ਪ੍ਰਸ਼ਾਸਨ ਨੂੰ ਦਿੱਤੀ ਤਿੱਖੇ ਸੰਘਰਸ਼ ਦੀ ਚੇਤਾਵਨੀ

**ਅਮ੍ਰਿਤਸਰ/ਰਵੀ ਸਹਿਗਲ**

ਭਾਈ ਅੰਮ੍ਰਿਤਪਾਲ ਸਿੰਘ ਨੇ ਐਲਾਨ ਕੀਤਾ ਕੱਲ੍ਹ ਤੱਕ ਅਜਨਾਲਾ ਪੁਲਿਸ ਵਲੋਂ ਗ੍ਰਿਫ਼ਤਾਰ ਕੀਤੇ ਸਾਡੇ ਸਾਥੀ ਜੇਕਰ ਨਾ ਛੱਡੇ ਗਏ ਤਾਂ ਦੀਪ ਸਿੱਧੂ




ਦੀ ਬਰਸੀ ਮੌਕੇ ਤਿੱਖੇ ਸੰਘਰਸ਼ ਦਾ ਫ਼ੈਸਲਾ ਕੀਤਾ ਜਾਵੇਗਾ। ਦੀਪ ਸਿੱਧੂ ਦੀ ਬਰਸੀ ਭਲਕੇ ਪਿੰਡ ਬੁੱਧ ਸਿੰਘ ਵਾਲਾ ਵਿਖੇ ਹਰ ਹਾਲ ਵਿਚ ਮਨਾਈ ਜਾਵੇਗੀ।

## ਮਾਨ ਦੇ ਘਰ ਦੇ ਬਾਹਰ ਅਧਿਆਪਕ ਤੇ ਪੁਲਿਸ ਵਾਲੇ ਹੋਏ ਆਹਮੋ-ਸਾਹਮਣੇ

**ਸੰਗਰੂਰ/ਲੋਕ ਬਾਣੀ**

ਮੁੱਖ ਮੰਤਰੀ ਭਗਵੰਤ ਮਾਨ ਦੀ ਸੰਗਰੂਰ ਕੋਠੀ ਅੱਗੇ 4161 ਅਧਿਆਪਕ ਯੂਨੀਅਨ ਅਤੇ ਪੁਲਿਸ ਵਿਚਾਲੇ ਦੱਬ ਕੇ ਧੱਕਾ ਮੁੱਕੀ ਹੋਈ, ਜਿਸ ਦੇ ਚੱਲਦਿਆਂ ਪੁਲਿਸ ਵਲੋਂ ਕੀਤੇ ਹਲਕੇ ਲਾਠੀ ਚਾਰਜ ਦੌਰਾਨ 3 ਅਧਿਆਪਕ ਜ਼ਖ਼ਮੀ ਹੋਏ ਹਨ ਅਤੇ ਕਈਆਂ ਦੇ ਮਾਮੂਲੀ ਸੱਟਾਂ ਲੱਗੀਆਂ ਹਨ।

## ਉਤਰ ਕੋਰੀਆ ਨੇ ਸਮੁੰਦਰ ਵਿੱਚ ਦਾਗੀ ਬੈਲਿਸਟਿਕ ਮਿਜ਼ਾਈਲ



**ਸਿਓਲ (ਦੱਖਣੀ ਕੋਰੀਆ)/ ਲੋਕ ਬਾਣੀ**

ਅਲ ਜਜ਼ੀਰਾ ਦੀ ਰਿਪੋਰਟ ਅਨੁਸਾਰ ਦੱਖਣੀ ਕੋਰੀਆ ਦੇ ਸੰਯੁਕਤ ਚੀਫ਼ ਆਫ਼ ਸਟਾਫ ਨੇ ਕਿਹਾ ਕਿ ਉੱਤਰੀ ਕੋਰੀਆ ਨੇ ਆਪਣੇ ਪੂਰਬੀ ਤੱਟ ਤੋਂ ਸਮੁੰਦਰ ਵੱਲ ਇੱਕ ਬੈਲਿਸਟਿਕ ਮਿਜ਼ਾਈਲ ਦਾਗੀ ਹੈ। ਉੱਤਰੀ ਕੋਰੀਆ ਦਾ ਇਹ ਕਦਮ ਅਗਲੇ ਹਫ਼ਤੇ ਵਾਸ਼ਿੰਗਟਨ ’ਚ ਹੋਣ ਵਾਲੇ ਅਮਰੀਕਾ-ਦੱਖਣੀ ਕੋਰੀਆ ਦੇ ਸੰਯੁਕਤ ਅਭਿਆਸ ਤੋਂ ਪਹਿਲਾਂ ਆਇਆ ਹੈ।

## ਜੰਮੂ ਕਸ਼ਮੀਰ ’ਚ ਸੜਕ ਹਾਦਸੇ ਦੌਰਾਨ 2 ਦੀ ਮੌਤ, 19 ਜਖਮੀ

**ਰਿਆਸੀ/ਲੋਕ ਬਾਣੀ**

ਜੰਮੂ ਅਤੇ ਕਸ਼ਮੀਰ ਦੇ ਰਿਆਸੀ ’ਚ ਪੈਂਦੇ ਆਲੀਆ ਇਲਾਕੇ ’ਚ ਬੱਸ ਦੇ ਖੱਡ ’ਚ ਡਿਗਣ ਕਾਰਨ 2 ਯਾਤਰੀਆਂ ਦੀ ਮੌਤ ਹੋ ਗਈ, ਜਦਕਿ 19 ਜ਼ਖ਼ਮੀ ਹੋ ਗਏ।



## ਅਸਾਮ ਵਿੱਚ ਫੜਿਆ ਪੁਲਿਸ ਨੇ ਕਰੋੜਾਂ ਦਾ ਗਾਂਜਾ

**ਦਿੱਲੀ/ਕਪੂਰ**

ਅਸਾਮ ਪੁਲਿਸ ਨੇ ਤ੍ਰਿਪੁਰਾ ਵਾਲੇ ਪਾਸਿਓਂ ਆ ਰਹੇ ਟਰੱਕ ਚੋਂ 1020 ਕਿਲੋ ਗਾਂਜਾ ਬਰਾਮਦ ਕੀਤਾ ਹੈ। ਟਰੱਕ ਦੇ ਡਰਾਈਵਰ ਦੀ ਪਛਾਣ ਬਿਪਲਬ ਦਾਸ ਵਜੋਂ ਹੋਈ ਹੈ।



ਚੁਰਾਈਬਾੜੀ ਪੁਲਿਸ ਚੌਕੀ ਦੇ ਇੰਚਾਰਜ ਨਿਰੰਜਨ ਦਾਸ ਨੇ ਦੱਸਿਆ ਕਿ ਜ਼ਬਤ ਕੀਤੇ ਗਏ ਗਾਂਜੇ ਦੀ ਬਾਜ਼ਾਰੀ ਕੀਮਤ 1.02 ਕਰੋੜ ਰੁਪਏ ਹੈ।

## ਫਿਰੌਤੀ ਮੰਗਣ ਵਾਲਿਆਂ ਦੇ ਤਾਰ ਜੇਲ੍ਹ ਨਾਲ ਜੁੜੇ

**ਬਠਿੰਡਾ/ਲੋਕ ਬਾਣੀ**

ਪਿਛਲੇ ਦਿਨੀਂ ਬਠਿੰਡਾ ਸ਼ਹਿਰ ਅਤੇ ਪਿੰਡ ਪੱਕਾ ਕਲਾਂ ਦੇ ਦੋ ਵਪਾਰੀਆਂ ਨੂੰ ਫੋਨ ਕਰਕੇ 20 ਅਤੇ ਪੱਚੀ ਲੱਖ ਰੁਪਏ ਦੀ ਫਿਰੌਤੀ ਮੰਗਣ ਦੇ ਮਾਮਲੇ ਵਿਚ ਸੀ ਆਈ ਸਟਾਫ ਬਠਿੰਡਾ ਵੱਲੋਂ ਕਾਰਵਾਈ ਕਰਦੇ ਹੋਏ ਦੋ ਗੈਂਗਸਟਰ ਨੂੰ ਗ੍ਰਿਫਤਾਰ ਕਰਕੇ 4 ਲੋਕਾਂ ਖਿਲਾਫ ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ। ਜਾਣਕਾਰੀ ਦਿੰਦੇ ਹੋਏ ਐਸਐਸਪੀ ਬਠਿੰਡਾ ਜੇ ਐਲਨਚੇਜ਼ੀਅਨ ਨੇ ਦੱਸਿਆ ਕਿ ਬਠਿੰਡਾ ਦੇ ਪਿੰਡ ਪੱਕਾ ਕਲਾਂ ਦੇ ਵਾਸੀ ਹਰਪ੍ਰੀਤ ਸਿੰਘ ਤੋਂ ਵਹਟਸੱਪ ਕਾਲ ਰਾਹੀਂ ਵੀ ਲੱਖ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਗਈ ਸੀ ਅਤੇ ਇਸ ਦੌਰਾਨ ਹੀ ਬਠਿੰਡਾ ਦੇ ਇਕ ਕਾਰੋਬਾਰੀ ਤੋਂ ਵੀ 25 ਲੱਖ ਰੁਪਏ ਵਟਸਐਪ ਰਾਹੀਂ ਮੰਗੇ ਗਏ ਸਨ ਪੁਲਿਸ ਨੇ ਦੋਵ ਮਾਮਲਿਆਂ ਵਿਚ ਮਾਮਲਾ ਦਰਜ ਕਰ ਕੇ ਜਦੋਂ ਕਾਰਵਾਈ ਕੀਤੀ ਗਈ ਤਾਂ ਇਹ ਗੱਲ ਸਾਹਮਣੇ ਆਈ ਕਿ ਟੈਸਟ ਸੁਖਦੀਪ ਸਿੰਘ ਉਰਫ ਸੁੱਖਾ ਵਾਸੀ ਤਖਤ ਮੱਲ ਜ਼ਿਲ੍ਹਾ ਸਰਸਾ ਹਰਿਆਣਾ ਅਤੇ ਲਾਭ ਪ੍ਰੀਤ ਉਰਫ ਲੱਭੀ ਵਾਸੀ ਭੁਚੋ ਕਲਾਂ ਜਿਲ੍ਹਾ ਬਠਿੰਡਾ ਵੱਲੋਂ ਵਪਾਰੀਆਂ ਦੀ ਰੇਕੀ ਕਰਕੇ ਮੋਬਾਇਲ ਨੰਬਰ ਗੈਂਗਸਟਰਾਂ ਨੂੰ ਉਪਲੱਬਧ ਕਰਾਏ ਸਨ।

## ਠੇਕਾ ਮੁਲਾਜ਼ਮ ਹੁਣ ਸਰਕਾਰ ਖਿਲਾਫ ਬੋਲੇ ਖੁੱਲ੍ਹ ਕੇ



**ਚੰਡੀਗੜ੍ਹ/ਵਿਨੋਦ ਸ਼ਰਮਾ**

ਪਾਵਰਕਾਮ ਐਡ ਟ ?ਰਾਸਕੋ ਠੇਕਾ ਮੁਲਾਜ਼ਮ ਯੂਨੀਅਨ ਜੋਨ ਬਠਿੰਡਾ ਦੀ ਅਹਿਮ ਮੀਟਿੰਗ ਰਾਜੇਸ਼ ਕੁਮਾਰ ਮੋੜ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸਬ-ਡਵੀਜ਼ਨ ਤੇ ਡਵੀਜ਼ਨ/ਸਰਕਲ ਆਗੂਆਂ ਨੇ ਸਮੂਹਲੀਅਤ ਕੀਤੀ । ਮੀਟਿੰਗ ਦੀ ਜਾਣਕਾਰੀ ਸਾਝੀ ਕਰਦਿਆਂ ਜੋਨ ਕਨਵੀਨਰ ਹਰਜਿੰਦਰ ਸਿੰਘ ਰਾਕੇਸ਼ ਕੁਮਾਰ ਲੰਬੀ ਨੇ ਦੱਸਿਆ ਕਿ ਆਪਣੀਆਂ ਮੰਗਾਂ ਨੂੰ ਲਾਗੂ ਕਰਵਾਉਣ ਲਈ ਲਗਾਤਾਰ ਸੰਘਰਸ਼ ਕੀਤਾ ਜਾ ਰਿਹਾ ਹੈ । ਮਿਤੀ 7 ਫਰਵਰੀ 2023 ਨੂੰ ਪਰਿਵਾਰਾਂ ਤੇ ਬੱਚਿਆਂ ਸਮੇਤ ਸੂਬਾ ਪੱਧਰੀ ਧਰਨਾ ਪ੍ਰਦਰਸ਼ਨ ਮੁੱਖ ਮੰਤਰੀ ਪੰਜਾਬ ਦੀ ਰਹਾਇਸ ਅੱਗੇ ਕੀਤਾ ਗਿਆ ਸੀ ਧਰਨੇ ਪ੍ਰਦਰਸ਼ਨ ਦੌਰਾਨ ਪ੍ਰਸਾਸਨ ਵਲੋਂ ਮਿਤੀ 23 ਫਰਵਰੀ 2023 ਨੂੰ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੀਟਿੰਗ ਫਿਕਸ ਕਰਵਾਈ ਗਈ।


ਪੱਤਰਕਾਰਾਂ ਲਈ ਸੁਨਹਿਰਾ ਮੌਕਾ

ਪੰਜਾਬ ਦੇ ਹਰ ਜਿਲੇ ਤੋਂ ਰੋਜਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫ਼ਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਓਪਨ ਵਿੱਚ ਫੱਕਰ ਝੰਡਾ ਦੀ ਟੀਮ ਨੇ ਅਲੀਕਾਂ ਨੂੰ ਹਰਾ ਕੇ ਜਿੱਤਿਆ ਕਬੱਡੀ ਕੱਪ

**ਕਾਲਾਂਵਾਲੀ/ਪਵਨ ਸ਼ਰਮਾ**

ਇਲਾਕੇ ਦੇ ਪਿੰਡ ਮੱਤੜ ਵਿਖੇ ਸੰਤ ਬਾਬਾ ਪ੍ਰੇਮ ਗਿਰ ਜੀ ਸਪੋਰਟਸ ਕਲੱਬ ਅਤੇ ਸਮੂਹ ਪਿੰਡ ਵਾਸੀਆਂ ਦੇ ਸਹਿਯੋਗ ਨਾਲ 34ਵਾਂ ਸਾਲਾਨਾ ਦੋ ਰੋਜ਼ਾ ਕਬੱਡੀ ਟੂਰਨਾਮੈਂਟ ਕਰਵਾਇਆ ਗਿਆ ਇਸ ਸਬੰਧੀ ਜਾਣਕਾਰੀ ਦਿੰਦਿਆਂ ਕਲੱਬ ਪ੍ਰਧਾਨ ਜਗਦੇਵ ਸਿੰਘ ਨੇ ਦੱਸਿਆ ਕਿ ਪਹਿਲੇ ਦਿਨ ਟੂਰਨਾਮੈਂਟ

ਦਾ ਉਦਘਾਟਨ ਸਰਪੰਚ ਡਾ: ਅਜੈਬ ਸਿੰਘ ਨੇ ਕੀਤਾ। 32 ਕਿਲੋ ਵਰਗ ਵਿੱਚ ਕੋਟ ਫੱਤਾ ਨੇ ਖਿਰਾਜ ਨੂੰ ਹਰਾਇਆ। 40 ਕਿਲੋਗ੍ਰਾਮ ਭਾਰ ਵਰਗ ਵਿੱਚ ਕੋਟ ਫੱਤਾ ਨੇ ਜੌੜਕੀਆਂ ਨੂੰ ਹਰਾਇਆ। ਦੂਜੇ ਦਿਨ ਟੂਰਨਾਮੈਂਟ ਦਾ ਉਦਘਾਟਨ ਨੰਬਰਦਾਰ ਗੁਰਚਰਨ ਸਿੰਘ ਨੇ ਪਤਵੰਤਿਆਂ ਦੀ ਹਾਜ਼ਰੀ ਵਿੱਚ ਕੀਤਾ। 50 ਕਿਲੋਗ੍ਰਾਮ ਭਾਰ ਵਰਗ ਵਿੱਚ ਸਿੰਘਵਾ ਹਿਸਾਰ ਨੇ ਮੇਜ਼ਬਾਨ ਟੀਮ ਡੇਰਾ ਮੱਤਦ ਨੂੰ ਹਰਾਇਆ। 65 ਕਿਲੋਗ੍ਰਾਮ ਭਾਰ ਵਰਗ ਵਿੱਚ

ਤਲਵੰਡੀ ਸਾਬੋ ਨੇ ਫੱਕਰ ਝੰਡਾ ਨੂੰ ਹਰਾਇਆ। ਜੇਤੂ ਟੀਮਾਂ ਨੂੰ ਟਰਾਫੀ ਸਮੇਤ ਕ੍ਰਮਵਾਰ 9100 ਅਤੇ 7100 ਰੁਪਏ ਦੇ ਕੇ ਸਨਮਾਨਿਤ ਕੀਤਾ ਗਿਆ। ਓਪਨ



ਕਬੱਡੀ ਵਿੱਚ ਫੱਕਰ ਝੰਡਾ ਨੇ ਫਾਈਨਲ ਮੈਚ ਵਿੱਚ ਅਲੀਕਾਂ ਦੀ ਟੀਮ ਨੂੰ ਹਰਾ ਕੇ ਕਬੱਡੀ ਕੱਪ ਜਿੱਤਿਆ। ਇਸ ਤੋਂ ਪਹਿਲਾਂ ਸੈਮੀਫਾਈਨਲ ਵਿੱਚ ਅਲੀਕਾਂ ਨੇ ਚੱਠੇਵਾਲਾ ਨੂੰ ਹਰਾ ਕੇ, ਦੂਜੇ ਸੈਮੀਫਾਈਨਲ ਵਿੱਚ ਫੱਕਰ ਝੰਡਾ ਨੇ ਬੀਰੂਵਾਲਾ ਗੁੜਾ ਨੂੰ ਹਰਾ ਕੇ ਫਾਈਨਲ ਵਿੱਚ ਥਾਂ ਬਣਾਈ। ਸ਼੍ਰੀਮਾਨ ਸੰਤ ਬਾਬਾ ਰਵੀ ਦਾਸ ਟੋਲਾਂ ਵਾਲੇ, ਬਾਬਾ ਸ਼ੀਲ ਦਾਸ, ਬਾਬਾ ਨਿਹਾਲ ਦਾਸ ਅਤੇ ਹੋਰ ਪਤਵੰਤਿਆਂ ਦੀ ਹਾਜ਼ਰੀ ਵਿੱਚ ਸ. ਓਪਨ ਕਬੱਡੀ ਦੀਆਂ ਜੇਤੂ ਟੀਮਾਂ ਨੂੰ ਕ੍ਰਮਵਾਰ ਟਰਾਫੀ ਅਤੇ 31000-21000 ਰੁਪਏ ਦੇ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਰਾਜਿੰਦਰ ਸਿੰਘ ਦੇਸੂਜੋਧਾ, ਫਤਿਹ ਸਿੰਘ ਕਾਲਾਂਵਾਲੀ, ਸਾਬਕਾ ਸਰਪੰਚ ਬੁੱਧ ਸਿੰਘ, ਸਾਬਕਾ ਚੇਅਰਮੈਨ ਗੁਰਚਰਨ ਸਿੰਘ, ਸਾਬਕਾ ਸਰਪੰਚ ਗੁਰਜੰਟ ਸਿੰਘ, ਸ਼ੇਰ ਸਿੰਘ, ਹਰਵੰਤ ਸਿੰਘ, ਜਗਦੀਸ਼ ਸਿੰਘ, ਸਰਪੰਚ ਕਰਮਜੀਤ ਸਿੰਘ ਰੰਗਾ, ਮਲਕੀਤ ਸਿੰਘ, ਜਸਵੰਤ ਸਿੰਘ ਅਤੇ ਬਾਬੂ ਸਿੰਘ ਲਹਿੰਗੇਵਾਲਾ, ਕੁਲਦੀਪ ਸਟੂਡੀਓ ਰੋੜੀ, ਗੁਰਨੈਬ ਦੰਦੀਵਾਲ, ਹਰਮਨ ਦੰਦੀਵਾਲ, ਜਗਦੀਪ ਮਲੜੀ, ਰਾਜਾ ਸਿੰਘ ਆਦਿ ਸਮੇਤ ਕਈ ਲੋਕ ਹਾਜ਼ਰ ਸਨ।

## ਅਣਪਛਾਤੇ ਵਿਅਕਤੀਆਂ ਵੱਲੋਂ ਇਕ ਵਿਅਕਤੀ ਤੇ ਕੀਤਾ ਹਮਲਾ, ਕੇਸ ਦਰਜ

**ਲੁਧਿਆਣਾ/ਰਾਜੂ ਵਾਲੀਆ**

ਥਾਣਾ ਡਿਵੀਜ਼ਨ ਨੰਬਰ 5 ਦੇ ਅਧੀਨ ਆਉਂਦੇ ਜਵਾਹਰ ਕੈਂਪ ਵਿਖੇ ਇਕ ਵਿਅਕਤੀ ਨੂੰ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਹਮਲਾ ਕੀਤਾ ਗਿਆ ਜਸਪ੍ਰੀਤ ਸਿੰਘ ਵਾਸੀ ਰਾੜੀ ਮਹੱਲਾ ਨੇ ਦੱਸਿਆ ਕਿ ਉਸਦੀ ਸਹਿਜ ਫਾਸਟ ਫੂਡ ਨਾਮ ਦੀ ਦੁਕਾਨ ਰਾੜੀ ਮੁਹੱਲਾ ਵਿਖੇ ਹੈ ਅਤੇ ਉਹ ਹਰ ਰੋਜ ਆਪਣੇ ਕਾਰੀਗਰ ਰਾਜੂ ਸ਼ਰਮਾ ਨੂੰ ਕੰਮ ਤੋਂ ਬਾਅਦ ਉਸਦੇ ਘਰ ਛੱਡ ਕੇ ਆਉਂਦਾ ਹੈ ਜਦਕਿ 15 ਫਰਵਰੀ ਨੂੰ ਵੀ ਉਹ ਰਾਜੂ ਸ਼ਰਮਾ ਨੂੰ ਉਸ ਦੇ ਘਰ ਛੱਡਣ ਲਈ ਜਾ ਰਿਹਾ ਸੀ ਤਾਂ ਜਦੋ ਉਹ ਜਵਾਹਰ ਕੈਂਪ ਨੂੰ ਮੁੜਦੀ ਰੋਡ ਤੇ ਪੁੱਜਾ ਤਾਂ ਦੋ ਵਿਅਕਤੀ ਜਿੰਨਾ ਪਾਸ ਦਾਹ ਅਤੇ ਰਾੜ ਫੜੀ ਹੋਈ ਸੀ ਓਨਾ ਨੇ ਉਸਨੂੰ ਘੇਰ ਕਿ ਹੱਥ ਵਿੱਚ ਫੜੀ ਰਾੜ ਉਸਦੇ ਸਿਰ ਵਿੱਚ ਮਾਰੀ ਜਿਸ ਨਾਲ ਉਹ ਹੇਠਾਂ ਜਮੀਨ ਤੇ ਡਿੱਗ ਗਿਆ ਜਿਸ ਤੋਂ ਬਾਦ ਓਨਾ ਨੇ ਉਸਦੀ ਪਿੱਠ ਅਤੇ ਮੋਡਿਆ ਤੇ ਵੀ ਰਾੜ ਨਾਲ ਵਾਰ ਕੀਤੇ ਅਤੇ ਉਨ੍ਹਾਂ ਵਿੱਚੋ ਇੱਕ ਵਿਅਕਤੀ ਫੋਨ ਤੇ ਕਿਹ ਰਿਹਾ ਸੀ ਕਿ ਬਾਬਾ ਜੀ ਕੰਮ ਹੋ ਗਿਆ ਉਸਨੇ ਦਸਿਆ ਕਿ ਉਸਨੂੰ ਸ਼ੱਕ ਹੈ ਕਿ ਇਹ ਹਮਲਾ ਨਜੀਬ ਅਹਿਮਦ ਖਾਨ ਉਰਫ ਬਾਬਾ ਵਾਸੀ ਮਲੇਰਕੋਟਲਾ ਜਿਸ ਨਾਲ ਉਸਦਾ ਪੈਸੇ ਦੇ ਲੈਣ ਦੇਣ ਤੇ ਵਿਵਾਦ ਚਲ ਰਿਹਾ ਹੈ। ਇਸ ਸਬੰਧੀ ਉਸ ਨੇ ਥਾਣਾ ਡਵੀਜ਼ਨ ਨੰ ਪੰਜ ਵਿੱਚ ਸ਼ਿਕਾਇਤ ਦਰਜ ਕਰਵਾਈ ਜਿਸਦੇ ਤਹਿਤ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਧਾਰਾ 323,341,139,149 ਆਈ ਪੀ ਸੀ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।



**ਲੁਧਿਆਣਾ: ਸੁਖਚੈਨ ਮਹਿਰਾ**

ਮਹਾਸ਼ਿਵਰਾਤਰੀ ਦੇ ਸ਼ੁਭ ਮੌਕੇ 'ਤੇ ਕਾਕੋਵਾਲ ਰੋਡ ਵਿਖੇ ਭੰਡਾਰਾ ਕਰਵਾਇਆ ਗਿਆ ਇਸ ਮੌਕੇ ਗੌਰਵ ਕਿਰਪਾਲ, ਆਰਿਆਮਨ ਕ੍ਰਿਪਾਲ, ਸੰਜੀਵ ਧਵਨ, ਰਾਜ ਕੁਮਾਰ, ਅਕਾਸ਼ ਅਗਰਵਾਲ, ਵਿਜੇ ਕੁਮਾਰ, ਰਜਨੀਸ਼ ਕੁਮਾਰ, ਹਰੀ ਸਿੰਘ, ਕਮਲ ਅਗਰਵਾਲ ਆਦਿ ਨੇ ਸ਼ਮੂਲੀਅਤ ਕੀਤੀ।

## ਗਿਆਸਪੁਰਾ ਵਿਖੇ ਚੱਲੀ ਗੋਲੀ ਤੇ ਪੁਲਿਸ ਨੇ ਦੋਸ਼ੀ ਨੂੰ ਗ੍ਰਿਫ਼ਤਾਰ 32 ਬੋਰ ਪਿਸਟਲ ਕੀਤਾ ਬਰਾਮਦ

### ਜਾਨੋ ਮਾਰਨ ਦੀ ਨੀਅਤ ਨਾਲ ਚਲਾਈ ਗੋਲੀ ਮਾਮਲਾ ਦਰਜ

**ਲੁਧਿਆਣਾ/ਰਾਜੂ ਵਾਲੀਆ**

ਥਾਣਾ ਡਵੀਜ਼ਨ ਨੰਬਰ 6 ਦੇ ਅਧੀਨ ਆਉਂਦੇ ਖੇਤਰ ਗਿਆਸਪੁਰਾ ਵਿਖੇ ਇਕ ਵਿਅਕਤੀ ਵੱਲੋਂ ਜਾਨੋਂ ਮਾਰਨ ਦੀ ਨੀਅਤ ਨਾਲ ਗੋਲੀ ਚਲਾਉਣ ਦਾ ਮਾਮਲਾ ਸਾਹਮਣੇ ਆਇਆ ਹੈ ਪੁਲਿਸ ਵੱਲੋਂ ਦੋਸ਼ੀ ਕੋਲੋਂ 32 ਬੋਰ ਪਿਸਟਲ ਬਰਾਮਦ ਕਰ ਮਾਮਲਾ ਦਰਜ ਕਰ ਲਿਆ

ਮੁਹੰਮਦ ਤਮੰਨੇ ਵਾਸੀ ਗਿਆਸਪੁਰਾ ਨੇ ਦੱਸਿਆ ਕਿ 17 ਫਰਵਰੀ ਨੂੰ ਗਲੀ ਨੰ.4 ਗਿਆਸਪੁਰਾ ਵਿਖੇ ਆਪਣੇ ਪਿਤਾ ਦੀ ਦੁਕਾਨ ਦੇ ਬਾਹਰ ਖੜਾ ਸੀ ਤਾਂ ਇੰਦਰਬੀਰ ਸਿੰਘ ਵਾਸੀ ਫਲਾਵਰ ਇਨਕਲੇਵ ਸਾਹਮਣੇ ਤੋਂ ਐਕਟਿਵਾ ਤੇ ਸਵਾਰ ਹੋ ਕੇ ਆਇਆ ਤੇ ਉਹ ਉਸਦਾ ਸਾਇਕਲ ਗਲੀ ਵਿੱਚ ਖੜਾ ਹੋਣ ਕਰਕੇ ਉਸ ਨਾਲ ਗਾਲੀ ਗਲੋਚ ਕਰਨ ਲੱਗ ਪਿਆ ਜਦੋ ਉਸਦੇ ਭਰਾ ਗੁਰਲੇਜ ਅਤੇ ਉਸਦੇ ਪਿਤਾ ਨੇ ਇੰਦਰਬੀਰ ਨੂੰ ਰੋਕਿਆਂ ਤਾਂ ਉਸਨੇ ਉਸਦੇ ਭਰਾ ਅਤੇ ਪਿਤਾ ਦੇ ਚਪੇੜਾ ਮਾਰੀਆਂ ਤੇ ਆਪਣੇ ਡੱਬ ਵਿੱਚੋ ਰਿਵਾਲਵਰ ਕੱਢ ਕੇ ਹਵਾ ਵਿੱਚ ਲਹਿਰਾਇਆ ਤੇ ਓਹਨਾ ਨੂੰ ਧਮਕੀਆਂ ਦਿੰਦਾ ਹੋਇਆ ਗਾਂਧੀ ਦੀ ਫੈਕਟਰੀ ਵਿੱਚ ਚਲਾ ਗਿਆ ਜਦੋ ਉਸਨੇ ਮਸਜਿਦ ਦੇ ਸੈਕਟਰੀ ਐਨੁਲ ਹੱਕ ਨੂੰ ਨਾਲ ਲੈ ਕੇ ਗਾਂਧੀ ਦੀ ਫੈਕਟਰੀ ਵਿੱਚ ਉਕਤ ਦੋਸ਼ੀ ਨੂੰ ਲੜਾਈ ਕਰਨ ਬਾਰੇ ਪੁੱਛਣ ਗਿਆ ਤਾਂ ਫੈਕਟਰੀ ਦੇ ਬਾਹਰ ਹੀ ਖੜੇ ਇਨੋਵਾ ਕਾਰ ਵਿੱਚ ਸਵਾਰ 2 ਹੋਰ ਅਣਪਛਾਤੇ ਵਿਅਕਤੀਆਂ ਨੇ ਓਨਾ ਨਾਲ ਕੁੱਟ ਮਾਰ ਕੀਤੀ ਤੇ ਇੰਦਰਬੀਰ ਸਿੰਘ ਨੇ ਆਪਣੀ ਡੱਬ ਵਿੱਚੋ ਰਿਵਾਲਵਰ ਕੱਢ ਕੇ ਓਹਨਾ ਨੂੰ ਜਾਨੋਂ ਮਾਰਨ ਦੀ ਨੀਯਤ ਨਾਲ ? ਗੋਲੀ ਚਲਾ ਦਿੱਤੀ ਉਨ੍ਹਾਂ ਦੱਸਿਆ ਕਿ ਉਹ ਮੌਕੇ ਤੋਂ ਭੱਜ ਕੇ ਆਪਣੀ ਜਾਨ ਬਚਾਈ ਇਸ ਸਬੰਧੀ ਉਹਨਾਂ ਨੇ ਥਾਣਾ ਡਵੀਜ਼ਨ ਨੰਬਰ 6 ਵਿੱਚ ਇਤਲਾਹ ਕੀਤੀ ਮੌਕੇ ਤੇ ਪਹੁੰਚ ਕੇ ਪੁਲਿਸ ਪਾਰਟੀ ਵਲੋਂ ਦੋਸ਼ੀ ਇੰਦਰਬੀਰ ਸਿੰਘ ਨੂੰ ਗ੍ਰਿਫਤਾਰ ਕਰਕੇ ਉਸ ਪਾਸੋ 32 ਬੋਰ ਪਿਸਟਲ ਬ੍ਰਾਮਦ ਕੀਤਾ ਗਿਆ ਦੋਸ਼ੀ ਖਿਲਾਫ ਧਾਰਾ 323,324,506, 34 ਆਈਪੀਸੀ 25,27 ਆਰਮ ਐਕਟ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ

## ਮੋਰਾ ਦੇ 1600 ਨਜਾਇਜ ਖੰਭਾ ਸਮੇਤ ਕੀਤਾ ਇਕ ਕਾਬੂ,ਕੇਸ ਦਰਜ

**ਲੁਧਿਆਣਾ/ਰਾਜੂ ਵਾਲੀਆ**

ਥਾਣਾ ਡਵੀਜ਼ਨ ਨੰਬਰ 6 ਦੇ ਅਧੀਨ ਆਉਂਦੇ ਖੇਤਰ ਸ਼ੇਰਪੁਰਾ ਚੌਕ ਵਿਖੇ ਵਣ ਰੇਂਜ ਅਫ਼ਸਰ ਜੰਗਲੀ ਜੀਵ ਰੇਂਜ ਵੱਲੋਂ ਇਕ ਵਿਅਕਤੀ ਨੂੰ ਮੋਰਾਂ ਦੇਰ ਨਾਜਾਇਜ਼ ਖੰਭਾਂ ਸਮੇਤ ਕਾਬੂ ਕਰ ਮਾਮਲਾ ਦਰਜ ਕੀਤਾ ਗਿਆ ਹੈ। ਪ੍ਰਿਤਪਾਲ ਸਿੰਘ ਵਣ ਰੇਂਜ ਅਫਸਰ ਜੰਗਲੀ ਜੀਵ ਰੇਂਜ ਨੇ ਦੱਸਿਆ ਕਿ ਸ਼ੇਰਪੁਰ ਚੌਕ ਤੋਂ ਇਕ ਵਿਅਕਤੀ 17 ਫਰਵਰੀ ਨੂੰ ਮੁੱਖਬਰ ਖਾਸ ਦੀ ਇਤਲਾਹ ਤੇ ਉਕਤ ਦੋਸ਼ੀ ਨੂੰ ਮੋਰਾ ਦੇ 1600 ਨਜਾਇਜ ਖੰਭਾ ਸਮੇਤ ਕਾਬੂ ਕੀਤਾ ਹੈ। ਉਨ੍ਹਾਂ ਦੱਸਿਆ ਕਿ ਦੋਸ਼ੀ ਦੀ ਪਹਿਚਾਣ ਯੁਧਿਸਟਰ ਵਾਸੀ ਸ਼ਿਵ ਕੁੰਜ ਕੈਲਾਸ਼ ਐਂਡ ਸਿਕੰਦਰਾ ਆਗਰਾ ਉੱਤਰ ਪ੍ਰਦੇਸ਼ ਦੇ ਰੂਪ ਵਿਚ ਹੋਈ ਹੈ ਉਨ੍ਹਾਂ ਦੱਸਿਆ ਕਿ ਦੋਸ਼ੀ ਖਿਲਾਫ ਥਾਣਾ ਡਵੀਜ਼ਨ ਨੰਬਰ 6 ਚ ਧਾਰਾ 39,44,48ਏ 49,50,51 ਵਾਇਲਡ ਲਾਈਫ ਪ੍ਰੋਟੈਕਸ਼ਨ ਐਕਟ 1972 ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

# ਬਿਸਤ ਦੁਆਬ ਨਹਿਰ ਦਾ ਪਾਣੀ ਖੇਤਾਂ ਤੱਕ ਪਹੁੰਚਾਉਣ ਲਈ ਸੰਤ ਸੀਚੇਵਾਲ ਨੇ ਆਰੰਭੀ ਮੁਹਿੰਮ

## ਸੂਏ ਕੱਸੀਆਂ ਦੀ ਅਣਹੋਂਦ ਕਾਰਨ ਪਾਇਪਾਂ ਰਾਹੀ ਕੀਤੀ ਜਾਵੇਗੀ ਪਾਣੀ ਦੀ ਸਪਲਾਈ



**ਸੁਲਤਾਨਪੁਰ ਲੋਧੀ/ਰਣਜੀਤ ਸਿੰਘ ਚੰਦੀ**

ਧਰਤੀ ਹੇਠਲੇ ਪਾਣੀ ਨੂੰ ਬਚਾਉਣ ਦੀ ਮੁਹਿੰਮ ਸ਼ੁਰੂ ਕਰਦਿਆ ਵਾਤਾਵਰਣ ਪ੍ਰੇਮੀ ਤੇ ਰਾਜਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਬਿਸਤ ਦੁਆਬ ਨਹਿਰ ਦਾ ਪਾਣੀ ਖੇਤੀ ਲਈ ਵਰਤਣ। ਦੁਆਬੇ ਵਿੱਚੋਂ ਲੰਘਦੀਆਂ ਬਿਸਤ ਦੁਆਬ ਦੀਆਂ ਡਿਸਟੀਬਿਊਟਰੀਆਂ ਦਾ ਵੱਖ-ਵੱਖ ਇਲਾਕਿਆਂ ਵਿਚ ਨਿਰੀਖਣ ਕਰਨ ਤੋਂ ਬਾਅਦ ਸੰਤ ਸੀਚੇਵਾਲ ਨੇ ਦੱਸਿਆ ਕਿ ਪੰਜਾਬੀ ਸਿਰਫ 34ਫੀਸਦੀ ਹੀ ਨਹਿਰੀ ਪਾਣੀ ਹੀ ਵਰਤਦੇ ਹਨ ਜਦਕਿ ਰਾਜਸਥਾਨ ਇਸਤੋਂ ਦੁੱਗਣਾ ਨਹਿਰੀ ਪਾਣੀ ਵਰਤ ਰਿਹਾ ਹੈ। ਜਿੱਥੇ ਨਹਿਰੀ ਪਾਣੀ ਖੇਤਾਂ ਤੱਕ ਪਹੁੰਚਾਉਣ ਲਈ ਜਿੱਥੇ ਪਹਿਲਾਂ ਖਾਲ ਹੁੰਦੇ ਸਨ ਉਹ ਹੁਣ ਨਹੀ ਰਹੇ। ਪੁਰਾਣੇ ਸਮਿਆਂ ਵਿਚ ਸੂਏ ਤੇ ਕੱਸੀਆਂ ਰਾਹੀ ਪਾਣੀ ਹਰ ਖੇਤ ਵਿਚ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਗਈ ਸੀ ਪਰ ਦੁਆਬੇ ਵਿਚ ਕਿਸਾਨਾਂ ਨੇ ਨਹਿਰੀ ਪਾਣੀ ਦੀ ਥਾਂ ਮੋਟਰਾਂ ਦਾ ਪਾਣੀ ਵਰਤਣ ਨੂੰ ਦਿੱਤੀ ਤਰਜੀਹ ਕਾਰਨ ਖਾਲੇ, ਸੂਏ ਤੇ ਕੱਸੀਆਂ ਖਤਮ ਹੋ ਗਈਆਂ ਸਨ। ਸੰਤ ਸੀਚੇਵਾਲ ਨੇ ਕਿਹਾ ਕਿ ਹੁਣ ਨਹਿਰ ਦਾ ਪਾਣੀ ਖੇਤਾਂ ਤੱਕ ਪਹੁੰਚਾਉਣ ਲਈ ਹੁਣ ਪਾਇਪ ਲਾਇਨਾਂ ਪਾਈਆਂ ਜਾਣਗੀਆਂ ਜਿਸਦਾ ਸਾਰਾ ਖਰਚਾ ਪੰਜਾਬ ਸਰਕਾਰ ਕਰੇਗੀ। ਉਹਨਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਹੋਈ ਮੁਲਾਕਾਤ ਦੌਰਾਨ ਉਹਨਾਂ ਇਸ ਗੱਲ ਦਾ ਭਰੋਸਾ ਦਿੱਤਾ ਸੀ ਕਿ ਨਹਿਰਾਂ ਦਾ ਪਾਣੀ ਖੇਤਾਂ ਤੱਕ ਪੁੱਜਦਾ ਕਰਨ ਲਈ ਵਰਤੇ ਜਾਣ ਵਾਲੇ ਪਾਇਪਾਂ ਦਾ ਸਾਰਾ ਖਰਚਾ ਸੂਬਾ ਸਰਕਾਰ ਕਰੇਗੀ।

ਸੰਤ ਸੀਚੇਵਾਲ ਨੇ ਦੱਸਿਆ ਕਿ ਬਿਸਤ ਦੁਆਬ ਨਹਿਰ ਵਿਚ 1450 ਕਿਊਸਿਕ ਪਾਣੀ ਵਗਣ ਦੀ ਸਮਰੱਥਾ ਹੈ ਪਰ ਇਸ ਖਿੱਤੇ ਦੇ ਕਿਸਾਨਾਂ ਵੱਲੋਂ ਨਹਿਰੀ ਪਾਣੀ ਦੀ ਮੰਗ ਉਸ ਤਰਜ਼ ਤੇ ਨਹੀ ਕੀਤੀ ਜਾ ਰਹੀ ਜਿਵੇਂ ਮਾਲਵੇ ਦੇ ਕਿਸਾਨ ਕਰਦੇ ਹਨ। ਇਸੇ ਕਾਰਨ ਬਿਸਤ ਦੁਆਬ ਨਹਿਰ ਵਿਚ ਕਦੇ ਵੀ ਪਾਣੀ 1450 ਕਿਊਸਿਕ ਨਹੀ ਛੱਡਿਆ ਜਾਂਦਾ ਹੈ। ਉਹਨਾਂ ਦੱਸਿਆ ਕਿ ਸਾਲ 2016 ਤੋਂ ਬਿਸਤ ਦੁਆਬ ਦੇ ਨਹਿਰ ਦੇ ਕਿਨਾਰਿਆਂ ਨੂੰ ਕੰਕਰੀਟ ਨਾਲ ਪੱਕੇ ਕਰਨ ਦਾ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਸੀ ਤਾਂ ਜੋ ਪਾਣੀ ਆਖੀਰ ਤੱਕ ਪਹੁੰਚ ਸਕੇ ਪਰ ਨਹਿਰ ਨੂੰ ਪੱਕਿਆ ਕਰਨ ਲਈ ਕੋਰੜਾਂ ਰੁਪਏ ਤਾਂ ਖਰਚ ਦਿੱਤੇ ਗਏ ਪਰ ਪਾਣੀ ਖੇਤਾਂ ਤੱਕ ਪੁੱਜਦਾ ਕਰਨ ਦਾ ਪ੍ਰਬੰਧ ਨਹੀ ਕੀਤਾ ਗਿਆ।

ਸੰਤ ਸੀਚੇਵਾਲ ਨੇ ਦੱਸਿਆ ਕਿ ਕੇਂਦਰੀ ਭੂ-ਜਲ ਬੋਰਡ ਦੀ ਸਾਲ 2017 ਵਿਚ ਆਈ ਰਿਪੋਰਟ ਅਨੁਸਾਰ ਪੰਜਾਬ ਵਿਚ ਧਰਤੀ ਹੇਠਲਾ ਪਾਣੀ 2039 ਤੱਕ 1000 ਫੁੱਟ ਡੂੰਘਾ ਹੋ ਜਾਵੇਗਾ ਜਿਸ ਕਾਰਨ ਖੇਤੀ ਕਰਨੀ ਬੜੀ ਮੁਸ਼ਕਿਲ ਹੋ ਜਾਵੇਗੀ। ਇੰਨੀ ਡੂੰਘਾਈ ਤੋਂ ਪਾਣੀ ਕੱਢਣਾ ਆਪਣੇ ਆਪ ਵਿਚ ਇੱਕ ਵੱਡੀ ਚੁਣੌਤੀ ਹੋਵੇਗੀ। ਉਹਨਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਮੋਟਰਾਂ ਦੀ ਥਾਂ ਨਹਿਰੀ ਪਾਣੀ ਨੂੰ ਖੇਤੀ ਲਈ ਵਰਤਣ ਨੂੰ ਤਰਜੀਹ ਦੇਣ।

## ਥਾਣਾ ਕਬੀਰਪੁਰ ਪੁਲਿਸ ਵੱਲੋਂ ਇੱਕ ਰਿਵਾਲਵਰ 17 ਰੋਦ ਜਿੰਦਾ ਸਮੇਤ 1 ਗਿਰਫ਼ਤਾਰ



**ਸੁਲਤਾਨਪੁਰ ਲੋਧੀ/ਰਣਜੀਤ ਸਿੰਘ ਚੰਦੀ**

ਮਿਤੀ 17-2-2023 ਨੂੰ ਸ੍ਰੀ ਰਾਜਪਾਲ ਸਿੰਘ IPS ਮਾਣਯੋਗ ਐਸ.ਐਸ.ਪੀ ਸਾਹਿਬ ਕਪੂਰਥਲਾ ਜੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਮਾੜੇ ਅਨਸਰਾ ਵਿਰੁੱਧ ਛੇੜੀ ਮੁਹਿਮ ਤਹਿਤ ਸ੍ਰੀ ਹਰਵਿੰਦਰ ਸਿੰਘ SP/D ਕਪੂਰਥਲਾ ਸ਼੍ਰੀ ਸੁਖਵਿੰਦਰ ਸਿੰਘ ਡੀ.ਐਸ.ਪੀ ਸੁਲਤਾਨਪੁਰ ਲੋਧੀ ਦੀਆ ਹਦਾਇਤਾ ਤੇ ਐਸ.ਆਈ ਲਖਵਿੰਦਰ ਸਿੰਘ ਥਿੰਦ ਮੁੱਖ ਅਫਸਰ ਥਾਣਾ ਕਬੀਰਪੁਰ ਨੇ ASI ਮੱਖਣ ਸਿੰਘ 316/ਕਪੂ ਅਤੇ ASI ਮਨਜਿੰਦਰ ਸਿੰਘ 1116/ਕਪੂ ਸਾਥੀ ਕਰਮਚਾਰੀਆ ਦੇ ਬਰਾਏ ਗਸ਼ਤ ਵਾ ਤਲਾਸ਼ ਭੈੜੇ ਪੁਰਸ਼ਾ ਦੇ ਸੰਬੰਧੀ ਟੀ ਪੁਆਇੰਟ ਪੰਡੋਰੀ ਜਗੀਰ ਮੌਜੂਦ ਸੀ ਜਿਥੇ ਮੁਖਬਰ ਖਾਸ ਦੀ ਇਤਲਾਹ ਤੇ ਕਰਨਬੀਰ ਸਿੰਘ ਪੁੱਤਰ ਜਗਜੀਤ ਸਿੰਘ ਵਾਸੀ ਸੂਜੋਕਾਲੀਆ ਥਾਣਾ ਤਲਵੰਡੀ ਚੋਧਰੀਆ ਹਾਲ ਵਾਸੀ ਪਿੰਡ ਫੱਤੂਢੀਂਗਾ ਨੂੰ ਕਾਬੂ ਕਰਕੇ ਤਲਾਸ਼ੀ ਕੀਤੀ ਤਾਂ ਉਸ ਦੇ ਕਬਜਾ ਵਿਚੋ ਇੱਕ ਰਿਵਾਲਵਰ ਅਤੇ 17 ਰੋਦ ਜਿੰਦਾ ਬ੍ਰਾਮਦ ਹੋਏ । ਜਿਸਤੇ ਮੁਕੱਦਮਾ ਨੰਬਰ 07 ਮਿਤੀ 17-2-2023 ਅ/ਧ 25-54-59 ਅਸਲਾ ਐਕਟ ਥਾਣਾ ਕਬੀਰਪੁਰ ਦਰਜ ਰਜਿਸਟਰ ਕਰਕੇ ਦੋਸੀ ਤੋਂ ਇਲਾਵਾ ਬਾਕੀ ਹੋਰ ਸਾਥੀ ਦੋਸ਼ੀ ਅਤੇ ਨਜਾਇਜ ਅਸਲਾ ਬ੍ਰਾਮਦ ਕਰਨ ਲਈ ਬਰੀਕੀ ਨਾਲ ਪੁਛਗਿਛ ਕੀਤੀ ਜਾ ਰਹੀ ਹੈ ।

## ਵਾਰਡ ਨੰਬਰ 29 ਤੋਂ ਸ਼ਿਵਰਾਤ੍ਰੀ ਮੌਕੇ ਭਗਵਾਨ ਭੋਲੇ ਨਾਥ ਦੀ ਕੱਢੀ ਗਈ ਸੋਭਾ ਯਾਤਰਾ





**ਲੁਧਿਆਣਾ/ਰਾਜੂ ਵਾਲੀਆ**

ਹਲਕਾ ਦੱਖਣੀ ਦੇ ਅਧੀਨ ਆਉਂਦੇ ਵਾਰਡ ਨੰਬਰ 29 ਤੋਂ ਸ਼ਿਵਰਾਤ੍ਰੀ ਨੂੰ ਮੁੱਖ ਰੱਖਦੇ ਹੋਏ ਸ਼ਿਵ ਜਗਦੰਬਾ ਮੰਦਿਰ ਮੋਹਲਾ ਹਰਪਾਲ ਨਗਰ ਦੇ ਮੈਬਰ ਸਾਹਿਬਾਨਾਂ ਵਲੋਂ ਯਾਤਰਾ ਕੱਢੀ ਗਈ ਯਾਤਰਾ ਦਾ ਸਵਾਗਤ ਕਰਦੇ ਹੋਏ ਭਾਜਪਾ ਦੇ ਸੂਬਾ ਮੀਤ ਪ੍ਰਧਾਨ ਓ ਬੀ ਸੀ ਮੋਰਚਾ ਪੰਜਾਬ ਨਿਰਮਲ ਸਿੰਘ ਐਸ ਐਸ ਨੇ ਦਸਿਆ ਕਿ ਅੱਜ ਭਗਵਾਨ ਭੋਲੇ ਨਾਥ ਦੀ ਯਾਤਰਾ ਕੱਢੀ ਜਾ ਰਹੀ ਹੈ ਇੱਹ ਯਾਤਰਾ ਸਾਨੂੰ ਸਾਰੀਆਂ ਨੂੰ ਇਕ ਸੰਦੇਸ਼ ਵੀ ਦਿੰਦੀ ਹੈ ਕਿ ਸੋਭਾ ਯਾਤਰਾ ਤੋਂ ਸਾਡੀ ਭਾਈ ਚਾਰਕ ਸਾਂਝ ਵੱਧਦੀ ਹੈ ਸਾਨੂੰ ਸਾਰਿਆਂ ਨੂੰ ਇਕੱਠੇ ਹੋਕੇ ਰਹਿਣਾ ਚਾਹੀਦਾ ਹੈ ਇਸ ਮੌਕੇ ਐਸ ਐਸ ਨੇ ਆਪਣੇ ਵਾਰਡ ਵਾਸੀਆਂ ਨੂੰ ਅਤੇ ਪੂਰੇ ਹਿੰਦੁਸਤਾਨ ਵਿੱਚ ਵਸਦੇ ਹਰ ਇਨਸਾਨ ਨੂੰ ਵਧਾਈ ਵੀ ਦਿੱਤੀ ਇਸ ਮੌਕੇ ਭਾਜਪਾ ਆਗੂ ਰਾਜੇਸ਼ ਮਿਸ਼ਰਾ,ਬਲਜਿੰਦਰ ਸਿੰਘ ਪਨੇਸਰ,ਸਲੇਸ਼ ਕੁਮਾਰ,ਸੁਖੇਈ ਪਾਲ,ਸੋਨੂੰ ਗੌਤਮ,ਜਿਤੇਦਰ ਕੁਮਾਰ, ਵਿੱਕੀ ਸਿੰਘ,ਬੈਜਨਾਥ ਗੁਪਤਾ,ਰਾਮੇਸ਼ਵਰ ਗੁਪਤਾ,ਸੰਦੀਪ ਤਿਵਾੜੀ,ਪੰਡਿਤ ਕੇ. ਪੀ. ਪਾਂਡੇ,ਮੰਗਲੀ ਪ੍ਰਸ਼ਾਦ,ਲਖਵਿੰਦਰ ਸਿੰਘ, ਆਰ ਜੀ, ਅਮਿਤ,ਰੌਸ਼ਨ,ਅਨਮੋਲ, ਹਾਜ਼ਿਰ ਸਨ

## ਸਤਲੁਜ ਦਰਿਆ ਅਤੇ ਬਿਸਤ ਦੋਆਬ ਨਹਿਰ ਵਿਚ ਨਹਾਉਣ ’ਤੇ ਪਾਬੰਦੀ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਜ਼ਿਲ੍ਹਾ ਮੈਜਿਸਟਰੇਟ ਸ਼ਹੀਦ ਭਗਤ ਸਿੰਘ ਨਗਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਲੋਕ ਹਿੱਤ ਨੂੰ ਮੁੱਖ ਰੱਖਦੇ ਹੋਏ ਫੌਜਦਾਰੀ ਜ਼ਾਬਤਾ ਸੰਘਤਾ 1973 (1974 ਦਾ ਐਕਟ-2) ਦੀ ਧਾਰਾ 144 ਤਹਿਤ ਸਤਲੁਜ ਦਰਿਆ ਅਤੇ ਬਿਸਤ ਦੁਆਬ ਨਹਿਰ ਵਿਚ ਲੋਕਾਂ ਦੇ ਨਹਾਉਣ ’ਤੇ ਪਾਬੰਦੀ ਲਾਈ ਹੈ। ਜ਼ਿਲ੍ਹਾ ਮੈਜਿਸਟ ?ਰੇਟ ਅਨੁਸਾਰ ਨਹਾਉਣ ਵਕਤ ਵਾਪਰਦੇ ਹਾਦਸਿਆਂ ਕਾਰਨ ਕਈ ਪਰਿਵਾਰਾਂ ਦੇ ਅਣਮੁੱਲੇ ਜੀਅ ਮੌਤ ਦੀ ਭੇਟ ਚੜ੍ਹਨੋਂ ਰੋਕਣ ਲਈ ਇਹ ਕਦਮ ਚੁੱਕੇ ਗਏ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਖ਼ਿਲਾਫ਼ ਪੁਲਿਸ ਕਾਰਵਾਈ ਕੀਤੀ ਜਾਵੇਗੀ। ਇਹ ਹੁਕਮ 16 ਫ਼ਰਵਰੀ 2023 ਤੋਂ 15 ਅਪਰੈਲ 2023 ਤੱਕ ਲਾਗੂ ਰਹਿਣਗੇ।

# ਅੰਮ੍ਰਿਤਸਰ ਸਾਹਿਤ ਉਤਸਵ ਅਤੇ ਪੁਸਤਕ ਮੇਲਾ ਦਰਸ਼ਕਾਂ ਦੀ ਭਰਵੀਂ ਹਾਜ਼ਰੀ ਨਾਲ ਪਹੁੰਚਿਆ ਆਪਣੇ ਸਿਖਰ ਨੂੰ

## ਹਰਿੰਦਰ ਸੋਹਲ ਦੇ ਗੀਤਾਂ ਅਤੇ ਗਲੋਰੀ ਬਾਵਾ ਦੀ ਪਰੰਪਰਾਗਤ ਲੰਮੀ ਹੇਕ ਨੇ ਦਰਸ਼ਕਾਂ ਨੂੰ ਲਾਇਆ ਝੂਮਣ










ਅੰਮ੍ਰਿਤਸਰ, 18 ਫਰਵਰੀ ( )- ਅੰਮ੍ਰਿਤਸਰ ਸਾਹਿਤ ਉਤਸਵ ਅਤੇ ਪੁਸਤਕ ਮੇਲੇ ਦਾ ਸਿਖਰਲਾ ਦਿਨ ਦਰਸ਼ਕਾਂ ਦੀ ਭਰਵੀਂ ਹਾਜ਼ਰੀ ਨਾਲ ਸਮਾਪਤ ਹੋਇਆ। ਮੇਲੇ ਦੇ ਅਖੀਰਲੇ ਦਿਨ ਦੀ ਸ਼ੁਰੂਆਤ ਮਿੰਨੀ ਕਹਾਣੀ ਲੇਖਕ ਮੰਚ, ਪੰਜਾਬ ਵੱਲੋਂ ਕਰਵਾਏ ਗਏ ਮਿੰਨੀ ਕਹਾਣੀ ਦਰਬਾਰ ਤੋਂ ਹੋਈ ਜਿਸ ਦੀ ਪ੍ਰਧਾਨਗੀ ਦਰਵੇਸ਼ ਸਾਹਿਤਕਾਰ ਅਤੇ ਸਮਾਜ ਸੇਵੀ ਡਾ. ਸ਼ਿਆਮ ਸੁੰਦਰ ਦੀਪਤੀ ਨੇ ਕੀਤੀ ਉਹਨਾਂ ਨੇ ਕਿਹਾ ਕਿ ਇਹ ਮੇਲਾ ਬੜਾ ਵਿਲੱਖਣ ਕਿਸਮ ਦਾ ਹੈ ਜਿੱਥੇ ਪੁਸਤਕਾਂ, ਫੁੱਲ ਅਤੇ ਸ਼ਹਿਦ ਇਕੱਠੇ ਵਿਕ ਰਹੇ ਹਨ ਜੋ ਮਨੁੱਖ ਦੀ ਮਾਨਸਿਕ ਅਤੇ ਸਰੀਰਕ ਤੰਦਰੁਸਤੀ ਲਈ ਜਰੂਰੀ ਹਨ। ਮੰਚ ਸੰਚਾਲਨ ਅਤੇ ਕਹਾਣੀਕਾਰਾਂ ਨਾਲ ਜਾਣ-ਪਛਾਣ ਦੀ ਜਿੰਮੇਵਾਰੀ ਉੱਘੇ ਕਹਾਣੀਕਾਰ ਦੀਪ ਦਵਿੰਦਰ ਅਤੇ ਡਾ. ਪਰਮਿੰਦਰ ਸਿੰਘ ਨੇ ਸਾਂਝੇ ਤੌਰ ਤੇ ਬਾਖੂਬੀ ਨਿਭਾਈ।

ਇਸ ਦਰਬਾਰ ਵਿਚ ਡਾ. ਬਲਦੇਵ ਸਿੰਘ ਖਹਿਰਾ, ਡਾ. ਹਰਪ੍ਰੀਤ ਸਿੰਘ ਰਾਣਾ , ਪਰਮਜੀਤ ਕੌਰ, ਡਾ. ਹਰਜਿੰਦਰ ਕੌਰ ਕੰਗ, ਜਗਦੀਸ਼ ਰਾਏ ਕੁਲਰੀਆ, ਮੰਗਤ ਕੁਲਜਿੰਦ, ਦਰਸ਼ਨ ਸਿੰਘ ਬਰੇਟਾ, ਬੀਰ ਇੰਦਰ ਬਨਭੌਰੀ, ਗੁਰਸੇਵਕ ਸਿੰਘ ਰੋੜਕੀ, ਗੁਰਪ੍ਰੀਤ ਕੌਰ, ਨਵਜੋਤ ਕੌਰ ਅਤੇ ਐਮ. ਪੀ. ਮਸੀਹ ਨੇ ਵੱਡੇ ਅਰਥਾਂ ਨਾਲ ਭਰੀਆਂ ਮਿੰਨੀ ਕਹਾਣੀਆਂ ਸੁਣਾਈਆਂ ਜਿੰਨ੍ਹਾਂ ਨੂੰ ਨੂੰ ਸਰੋਤਿਆਂ ਨੇ ਬੜੇ ਸ਼ਾਤਮਈ ਮਾਹੌਲ ਵਿਚ ਸੁਣਿਆ ਅਤੇ ਤਾੜੀਆਂ ਨਾਲ ਕਹਾਣੀਕਾਰਾਂ ਦੀ ਹੌਸਲਾ ਅਫਜਾਈ ਕੀਤੀ।

ਦੂਸਰੇ ਪ੍ਰੋਗਰਾਮ ਵਿਚ ਪੰਜਾਬੀ ਦੇ ਸਿਰਮੌਰ ਕਹਾਣੀਕਾਰ ਵਰਿਆਮ ਸੰਧੂ ਦਾ ਰੂਬਰੂ ਕਰਵਾਇਆ ਗਿਆ। ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਡਾ. ਰਮਿੰਦਰ ਕੌਰ ਨੇ ਕੀਤੀ ਜਦਕਿ ਲੇਖਕ ਨਾਲ ਸੰਵਾਦ ਡਾ. ਕੁਲਵੰਤ ਸਿੰਘ ਨੇ ਰਚਾਇਆ ਅਤੇ ਉਹਨਾਂ ਨੇ ਵਰਿਆਮ ਸੰਧੂ ਦੀਆਂ ਲਿਖਤਾਂ ਬਾਰੇ ਸਰੋਤਿਆਂ ਨੂੰ ਜਾਣੂ ਕਰਵਾਇਆ। ਉਹਨਾਂ ਦੱਸਿਆ ਕਿ ਵਰਿਆਮ ਨੇ ਘੱਟ ਪਰ ਮਿਆਰੀ ਕਹਾਣੀਆਂ ਲਿਖ ਕੇ ਪੰਜਾਬੀ ਕਹਾਣੀ ਦੇ ਇਤਿਹਾਸ ਵਿਚ ਆਪਣਾ ਵਿਲੱਖਣ ਮੁਕਾਮ ਸਥਾਪਤ ਕੀਤਾ ਹੈ। ਸੰਧੂ ਸਾਹਿਬ ਨੇ ਆਪਣੇ ਜੀਵਨ ਦੇ ਤਿੰਨਾਂ ਪੜਾਵਾਂ ਦੇ ਅਨੁਭਵ ਅਤੇ ਕਹਾਣੀ ਸਿਰਜਣਾ ਦੇ ਪਲਾਂ ਦੀ ਦਰਸ਼ਕਾਂ ਨਾਲ ਸਾਂਝ ਪਵਾਈ। ਉਹਨਾਂ ਨੇ ਕਿਹਾ ਕਿ ਲੇਖਕ ਬਣਨ ਲਈ ਮਨੁੱਖ ਨੂੰ ਪੱਤਲਚੰਮਾ ਹੋਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਮੇਰੇ ਪਾਤਰ ਮਰਨਹਾਰ ਸਥਿਤੀਆਂ ਵਿਚ ਵੀ ਜੀਵਨ ਨੂੰ ਲੱਭ ਲੈਂਦੇ ਹਨ।

ਬਾਅਦ ਦੁਪਹਿਰ ਪੰਜਾਬ ਸੰਗੀਤ ਅਕਾਦਮੀ, ਚੰਡੀਗੜ੍ਹ ਦੇ ਸਹਿਯੋਗ ਨਾਲ ਗੁਰਮੀਤ ਬਾਵਾ ਨੂੰ ਸਮਰਪਿਤ ਹੋਏ ਸਭਿਆਚਾਰਕ ਪ੍ਰੋਗਰਾਮਾਂ ਦੀ ਸ਼ੁਰੂਆਤ ਵਿਚ ਜਦੋਂ ਗਲੋਰੀ ਬਾਵਾ ਨੇ ਸਭਿਆਚਾਰਕ ਗੀਤਾਂ ਨਾਲ ਸ਼ਹਿਬਰ ਲਗਾਈ ਤਾਂ ਕਾਲਜ ਦੀ ਵੱਡੀ ਸਟੇਜ ਵੀ ਛੋਟੀ ਜਾਪਣ ਲੱਗ ਪਈ ਸੀ। ਇਸੇ ਦੌਰਾਨ ਗਾਇਕ ਹਰਿੰਦਰ ਸੋਹਲ ਨੇ ਵੀ ਨਵੀਂ ਪੰਜਾਬੀ ਗਾਇਕੀ ਦੇ ਰੰਗ ਪੇਸ਼ ਕੀਤੇ ਜਿਸ ਨਾਲ ਉਸਨੇ ਨੌਜਵਾਨ ਸਰੋਤਿਆ ਤੋਂ ਵਾਹ ਵਾਹ ਖੱਟੀ। ਪ੍ਰੋਗਰਾਮ ਦੀ ਸਮਾਪਤੀ ਖ਼ਾਲਸਾ ਕਾਲਜ ਦੀ ਟੀਮ ਵੱਲੋਂ ਝੂਮਰ ਪਾ ਕੇ ਕੀਤੀ ਗਈ।

ਮੇਲੇ ਦੇ ਮੁੱਖ ਪ੍ਰਬੰਧਕ ਡਾ. ਆਤਮ ਸਿੰਘ ਰੰਧਾਵਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਪੰਜ ਦਿਨਾਂ ਮੇਲਾ ਬਹੁਤ ਵੱਡੀ ਸਫਲਤਾ ਨਾਲ ਸਮਾਪਤ ਹੋਇਆ ਹੈ। ਇਸ ਵਿਚ ਵੱਡੀ ਗਿਣਤੀ ਵਿਚ ਪੂਰੇ ਪੰਜਾਬ ਤੋਂ ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿਚ ਭਾਗ ਲਿਆ। ਸਾਹਿਤ ਨੂੰ ਪਿਆਰ ਕਰਨ ਵਾਲੇ ਲੋਕਾਂ ਨੇ ਵੀ ਵੱਡੀ ਗਿਣਤੀ ਵਿਚ ਹਾਜ਼ਰਰੀ ਭਰੀ ਜਿਸ ਕਰਕੇ ਸਾਡਾ ਮੇਲਾ ਸਫਲ ਹੋਇਆ ਹੈ ਅਤੇ ਇਸ ਪੰਜ ਦਿਨਾਂ ਮੇਲੇ ਦੌਰਾਨ ਇਕ ਕਰੋੜ ਤੋਂ ਵੱਧ ਦੀਆ ਪੁਸਤਕਾਂ ਵਿਕੀਆਂ ਹਨ।

# ਵਿਦਾਇਗੀ ਪਾਰਟੀ ਵਿੱਚ ਬੱਚਿਆਂ ਨੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਕੇ ਬਨੀ ਰੱਖਿਆ ਸਮਾਂ

ਕਾਲਾਂਵਾਲੀ/ਪਵਨ ਸ਼ਰਮਾ

ਸ਼ਹੀਦ ਭਗਤ ਸਿੰਘ ਸੀਨੀਅਰ ਸੈਕੰਡਰੀ ਸਕੂਲ ਬੜਾਗੁੜਾ ਵਿਖੇ 11ਵੀਂ ਜਮਾਤ ਦੇ ਵਿਦਿਆਰਥੀਆਂ ਨੇ ਆਪਣੇ 12ਵੀਂ ਜਮਾਤ ਦੇ ਸੀਨੀਅਰ ਵਿਦਿਆਰਥੀਆਂ ਲਈ ਵਿਦਾਇਗੀ ਪਾਰਟੀ ਦਾ ਆਯੋਜਨ ਕੀਤਾ। ਸਭ ਤੋਂ ਪਹਿਲਾਂ ਸਕੂਲ ਦੇ ਐਮ.ਡੀ.ਇਕਬਾਲ ਸਿੰਘ ਪ੍ਰਿੰਸੀਪਲ ਜਗਦੀਪ ਸਿੰਘ ਨੇ ਸਾਂਝੇ ਤੌਰ ’ਤੇ ਦੀਪ ਜਗਾ ਕੇ ਬੱਚਿਆਂ ਦੀ ਵਿਦਾਇਗੀ ਪਾਰਟੀ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ, ਆਯੋਜਿਤ ਵਿਦਾਇਗੀ ਪਾਰਟੀ ’ਚ ਬੱਚਿਆਂ ਨੇ ਸਟੇਜ ’ਤੇ ਭੰਗੜਾ, ਗਿੱਧਾ ਆਦਿ ਵੱਖ-ਵੱਖ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ, ਉਥੇ ਹੀ ਬੱਚਿਆਂ ਨੇ ਕਵਿਤਾਵਾਂ, ਡਾਂਸ, ਲਘੂ ਨਾਟਕ ਆਦਿ ਰਾਹੀਂ ਅਨੁਸ਼ਾਸਨ, ਸਮਾਜਿਕ ਸਹਿਯੋਗ ਅਤੇ ਦੇਸ਼ ਪ੍ਰਤੀ ਪਿਆਰ ਦਾ ਸੰਦੇਸ਼ ਦਿੱਤਾ, ਬੱਚਿਆਂ ਨੇ ਗੀਤਾਂ, ਨਾਟਕਾਂ ਅਤੇ ਕਵਿਤਾਵਾਂ ਰਾਹੀਂ ਹੋਰਨਾਂ ਬੱਚਿਆਂ ਨੂੰ ਨਿਰਸਵਾਰਥ ਸਮਾਜਿਕ ਕਾਰਜ ਕਰਨ, ਅਨੁਸ਼ਾਸਨ ਬਣਾਈ ਰੱਖਣ ਅਤੇ ਦੇਸ਼ ਨਾਲ ਪਿਆਰ ਕਰਨ ਦਾ ਸੰਦੇਸ਼ ਦਿੱਤਾ। 12ਵੀਂ ਜਮਾਤ ਦੇ ਵਿਦਿਆਰਥੀਆਂ ਨੇ ਵਿਸ਼ੇਸ਼ ਪ੍ਰਾਰਥਨਾ-ਸੰਦੇਸ਼ ਦੇ ਨਾਲ ਪ੍ਰਮਾਤਮਾ ਦੀ ਪੂਜਾ ਕੀਤੀ। ਐਮਡੀ ਇਕਬਾਲ ਸਿੰਘ, ਪ੍ਰਿੰਸੀਪਲ ਜਗਦੀਪ ਸਿੰਘ ਨੇ ਵਿਦਿਆਰਥੀਆਂ ਨੂੰ ਹਮੇਸ਼ਾ ਸੱਚ ਦੇ ਮਾਰਗ ’ਤੇ ਚੱਲਣ ਲਈ ਪ੍ਰੇਰਿਤ ਕਰਦੇ ਹੋਏ ਉਨ੍ਹਾਂ ਦੇ ਉਜਵਲ ਭਵਿੱਖ ਅਤੇ ਚੰਗੀ ਸਿਹਤ ਦੀ ਕਾਮਨਾ ਕੀਤੀ। ਉਨ੍ਹਾਂ ਨੇ ਬੱਚਿਆਂ ਨੂੰ ਦੱਸਿਆ ਕਿ ਵਿਦਾਇਗੀ ਦੋ ਸ਼ਬਦਾਂ ਤੋਂ ਬਣੀ ਹੈ - ਫੇਅਰ + ਵੈੱਲ, ਜਿਸਦਾ ਅਰਥ ਯਾਤਰਾ ਵੱਲ ਹੈ, ਇਸ ਤਰ੍ਹਾਂ ਅਸੀਂ ਇਹ ਸਿੱਟਾ ਕੱਢ ਸਕਦੇ ਹਾਂ ਕਿ ਵਿਦਾਈ ਦਾ ਮਤਲਬ ਇਹ ਵੀ ਹੈ ਕਿ ਛੁੱਟੀ ਲੈਣ ਵਾਲੇ ਵਿਅਕਤੀ ਦੀ ਅੱਗੇ ਦੀ ਯਾਤਰਾ ਚੰਗੀ ਅਤੇ ਸ਼ੁਭ ਹੋਣੀ ਚਾਹੀਦੀ ਹੈ। ਵਿਦਾਇਗੀ ਇੱਕ ਪੁਰਾਣੀ ਗੀਤ ਹੈ, ਪਰ ਪਿਆਰੇ ਬੱਚਿਓ, ਤੁਸੀਂ ਜਿੱਥੇ ਵੀ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਜਾਓ, ਚੰਗੇ ਕੰਮ ਕਰੋ ਅਤੇ ਆਪਣੀ ਛਾਪ ਇਸ ਤਰ੍ਹਾਂ ਛੱਡੋ ਕਿ ਹਰ ਕੋਈ ਤੁਹਾਡੇ ਗੀਤ ਗਾਉਣ। ਇਸ ਤੋਂ ਬਾਅਦ ਜੂਨੀਅਰ ਬੱਚਿਆਂ ਨੇ ਆਪਣੇ ਸੀਨੀਅਰਜ਼ ਨੂੰ ਤੋਹਫ਼ੇ ਭੇਟ ਕੀਤੇ ਅਤੇ ਸੀਨੀਅਰ ਬੱਚਿਆਂ ਨੇ ਆਪਣੇ ਅਧਿਆਪਕਾਂ ਨੂੰ ਤੋਹਫ਼ੇ ਭੇਟ ਕੀਤੇ। ਵਿਦਾਇਗੀ ਪਾਰਟੀ ਵਿੱਚ ਸੱਭਿਆਚਾਰਕ ਪ੍ਰੋਗਰਾਮ ਤੋਂ ਇਲਾਵਾ ਬੱਚਿਆਂ ਨੇ ਖਾਣੇ ਦਾ ਵੀ ਆਨੰਦ ਮਾਣਿਆ।



# ਐਸਐਸਪੀ ਅਸ਼ਵਨੀ ਕੋਟਿਯਾਲ ਦੇ ਸਵਾਗਤ ਦੌਰਾਨ ਐਸਪੀ ਹੈਡਕੁਆਟਰ ਵੱਲੋਂ ਪੱਤਰਕਾਰਾਂ ਨੂੰ ਕਵਰੇਜ਼ ਤੋਂ ਰੋਕਣਾ ਮੰਦਭਾਗਾ

## ਸ਼ਹੀਦ ਭਗਤ ਸਿੰਘ ਜਰਨਲਿਸਟ ਐਸੋਸੀਏਸ਼ਨ ਵੱਲੋਂ ਕੀਤੀ ਗਈ ਸਖ਼ਤ ਸਬਦਾਂ ਨਿਖੇਦੀ

**ਬਟਾਲਾ/ਅੰਮ੍ਰਿਤਸਰ/ਲੋਕ ਬਾਣੀ**

ਅਕਸਰ ਹੀ ਆਪਣੇ ਅੜੀਅਲ ਰਵੱਈਏ ਕਾਰਨ ਚਰਚਾਂ ਦਾ ਵਿਸ਼ਾ ਰਹਿਣ ਵਾਲੇ ਐਸਪੀ ਹੈਡਕੁਆਟਰ ਵੱਲੋਂ ਅੱਜ ਫਿਰ ਪੱਤਰਕਾਰ ਭਾਈਚਾਰੇ ਨੂੰ ਕਵਰੇਜ਼ ਕਰਨ ਤੋਂ ਰੋਕਿਆ ਗਿਆ। ਪੰਜਾਬ ਸਰਕਾਰ ਵੱਲੋਂ ਜਾਰੀ ਹਿਦਾਇਤਾਂ ਮੁਤਾਬਕ ਪਿਛਲੇ ਦਿਨੀਂ ਐਸਐਸਪੀ ਸਤਿੰਦਰ ਸਿੰਘ ਬਟਾਲਾ ਦਾ ਤਬਾਦਲੇ ਤੋਂ ਬਾਅਦ ਆਈਪੀਐਸ ਐਸਐਸਪੀ ਅਸ਼ਵਨੀ ਕੋਟਿਯਾਲ ਵੱਲੋਂ ਸ਼ੁਕਰਵਾਰ ਨੂੰ ਬਟਾਲਾ ਵਿਖੇ ਚਾਰਜ ਸੰਭਾਲਨ ਲਈ ਪਹੁੰਚੇ ਤਾਂ ਪੱਤਰਕਾਰ ਭਾਈਚਾਰਾ ਕਵਰੇਜ਼ ਕਰਨ ਲਈ ਪਹੁੰਚਿਆ ਤਾਂ ਇਸੇ ਦੌਰਾਨ ਐਸਪੀ ਹੈਡਕੁਆਟਰ ਜਗਵਿੰਦਰ ਸਿੰਘ ਸੰਧੂ ਵੱਲੋਂ ਆਪਣੀ ਤਾਨਾਸ਼ਾਹੀ ਤੇ ਵਰਦੀ ਦਾ ਰੋਅਬ ਚਾੜਦਿਆਂ ਪੱਤਰਕਾਰ ਭਾਈਚਾਰੇ ਨੂੰ ਕਵਰੇਜ਼ ਕਰਨ ਤੋਂ ਰੋਕ ਦਿੱਤਾ ਗਿਆ। ਜਦੋਂ ਪੱਤਰਕਾਰ ਭਾਈਚਾਰੇ ਨੇ ਐਸਪੀ ਹੈਡਕੁਆਟਰ ਜਗਵਿੰਦਰ ਸੰਧੂ ਨੂੰ ਕਵਰੇਜ਼ ਨਾ ਕਰਨ ਤੋਂ ਰੋਕਣ ਦਾ ਕਾਰਨ ਪੁੱਛਿਆ ਤਾਂ ਉਹ ਕੋਈ ਜਵਾਬ ਦੇਣ ਦੀ ਬਜਾਇ



ਪੱਤਰਕਾਰ ਭਾਈਚਾਰੇ ਨੂੰ ਇੱਥੋਂ ਚਲੇ ਜਾਣ ਲਈ ਦਬਾਅ ਪਾਇਆਂ ਗਿਆ, ਜਿਸ ਤੋਂ ਬਾਅਦ ਰੋਸ਼ ਵਿੱਚ ਆਇਆਂ ਪੱਤਰਕਾਰ ਭਾਈਚਾਰਾ ਉਥੋਂ ਕਵਰੇਜ਼ ਕਰਨ ਤੋਂ ਬਿਨਾਂ ਹੀ ਚਲਾ ਗਿਆ।

ਇਸ ਸਾਰੇ ਘਟਨਾ ਕਰਮ ਦਾ ਪਤਾ ਲੱਗਣ ਤੇ ਸ਼ਹੀਦ ਭਗਤ ਸਿੰਘ ਜਰਨਲਿਸਟ ਐਸੋਸੀਏਸ਼ਨ ਦੇ ਪ੍ਰਧਾਨ ਰਣਜੀਤ ਸਿੰਘ ਮਸੌਣ ਵੱਲੋਂ ਸਖ਼ਤ ਸਬਦਾਂ ਵਿੱਚ ਨਿਖੇਦੀ ਕੀਤੀ ਗਈ ਤੇ ਆਖਿਆਂ ਕਿ ਪੱਤਰਕਾਰ



ਦੇਸ਼ ਵਿੱਚ ਐਮਰਜੈਂਸੀ ਦੇ ਦਿਨਾਂ ਦੌਰਾਨ ਵੀ ਆਪਣੀ ਡਿਊਟੀ ਨਿਭਾਉਂਦੇ ਹਨ ਤੇ ਉਦੋਂ ਵੀ ਪੱਤਰਕਾਰਾਂ ਤੇ ਰੋਕ ਨਹੀਂ ਹੁੰਦੀ। ਐਸਪੀ ਹੈਕੁਆਟਰ ਜਗਵਿੰਦਰ ਸੰਧੂ ਨੂੰ ਪੱਤਰਕਾਰ ਭਾਈਚਾਰੇ ਨਾਲ ਕੀਤੇ ਇਸ ਦੁਰਵਿਹਾਰ ਦੀ ਮੁਆਫ਼ੀ ਮੰਗਣੀ ਚਾਹੀਦੀ ਹੈ ਅਤੇ ਕਿਸੇ ਨੂੰ ਵੀ ਪੱਤਰਕਾਰ ਭਾਈਚਾਰੇ ਦੀਆਂ ਭਾਵਨਾਵਾਂ ਨਾਲ ਖਿਲਵਾੜ ਨਹੀਂ ਕਰਨ ਦਿੱਤਾ ਜਾਵੇਗਾ। ਇਸ ਗੱਲ ਤੋਂ ਪੱਤਰਕਾਰ ਭਾਈਚਾਰੇ ਵਿੱਚ ਭਾਰੀ ਰੋਸ਼ ਪਾਇਆਂ ਜਾਂ ਰਿਹਾਂ ਹੈ। ਉਹਨਾਂ ਰੋਸ਼ ਜਤਾਉਦਿਆ ਆਖਿਆਂ ਕਿ ਪ੍ਰੈਸ ਦੀ ਅਜ਼ਾਦੀ ਤੇ ਹਮਲੇ ਨੂੰ ਕਿਸੇ ਕੀਮਤ ਤੇ ਬਰਦਾਸ਼ਤ ਨਹੀ ਕੀਤਾ ਜਾਵੇਗਾ।

ਚੇਅਰਮੈਨ ਰਮੇਸ਼ ਰਾਮਪੁਰਾ ਜੀ ਨੇ ਆਖਿਆ ਕਿ ਇਹ ਪ੍ਰੈਸ ਦੀ ਆਜ਼ਾਦੀ ਤੇ ਹਮਲਾ ਹੈ ਜੋਂ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀ ਕਰਾਂਗੇ ਕਿਉਕਿਂ ਪੱਤਰਕਾਰ ਲੋਕਤੰਤਰ ਦਾ ਚੌਥਾ ਥੰਮ ਹਨ ਤੇ ਹਰ ਇੱਕ ਦੀ ਅਵਾਜ਼ ਹਨ। ਜਿਸ ਨੂੰ ਕਦੇ ਵੀ ਕਿਸੇ ਅਫ਼ਸਰ ਵੱਲੋਂ ਦਬਾਇਆ ਨਹੀਂ ਜਾਂ ਸਕਦਾ ਅਤੇ ਨਾ ਹੀ ਕਿਸੇ ਨੂੰ ਦਬਾਉਣ ਦਿੱਤਾ ਜਾਵੇਗਾ। ਪੱਤਰਕਾਰ ਭਾਈਚਾਰਾ ਵੱਲੋਂ ਮੀਟਿੰਗਾਂ ਦੌਰਾਨ ਇਹ ਫੈਸਲਾ ਕੀਤਾ ਗਿਆ ਕਿ ਜਲਦ ਹੀ ਇਸ ਸੰਬੰਧ ਵਿੱਚ ਐਸਐਸਪੀ ਅਸ਼ਵਨੀ ਕੋਟਿਯਾਲ ਨਾਲ ਮੀਟਿੰਗ ਕੀਤੀ ਜਾਵੇਗੀ ਬਟਾਲਾ ਪੁਲਿਸ ਪ੍ਰਸ਼ਾਸਨ ਪੱਤਰਕਾਰ ਨਾਲ ਗਲਤ ਰਵੱਈਏ ਤੇ ਨੁਕੇਲ ਪਾਉਣ ਸਬੰਧੀ ਦਿਸ਼ਾ ਨਿਰਦੇਸ਼ ਜਾਰੀ ਕਰਨ ਦੀ ਮੰਗ ਕੀਤੀ ਜਾਵੇਗੀ ਤੇ ਪੱਤਰਕਾਰ ਭਾਈਚਾਰਾ ਨੇ ਇਹ ਵੀ ਮੰਗ ਕੀਤੀ ਜਾਵੇਗੀ ਕਿ ਐਸਪੀ ਹੈਡਕੁਆਟਰ ਜਗਵਿੰਦਰ ਸੰਧੂ ਆਪਣੇ ਗਲਤ ਰਵੱਈਏ ਤੋਂ ਸਬਕ ਲੈਂਦਿਆਂ ਸਮਾਜਿਕ ਤੌਰ ਤੇ ਸਮੂਹ ਭਾਈਚਾਰੇ ਤੋਂ ਮੁਆਫੀ ਮੰਗਣ ਤਾਂ ਕਿ ਪੱਤਰਕਾਰ ਭਾਈਚਾਰਾ ਦਾ ਰੋਸ਼ ਸਾਂਤ ਹੋ ਸਕੇ।

ਇਸ ਮੌਕੇ ਵਾਇਸ ਚੇਅਰਮੈਨ ਦਲਬੀਰ ਸਿੰਘ ਭਰੋਵਾਲ, ਜਰਨਲ ਸਕੱਤਰ ਹਰਪ੍ਰੀਤ ਸਿੰਘ ਜੱਸੋਵਾਲ ਅਤੇ ਜੋਗਾ ਸਿੰਘ, ਵਾਇਸ ਪ੍ਰਧਾਨ ਰਜਨੀਸ਼ ਕੌਸ਼ਲ, ਕੋਆਰਡੀਨੇਟਰ ਰਣਜੀਤ ਸਿੰਘ, ਦੁਆਬਾ ਜੋਨ ਇੰਚਾਰਜ਼ ਡਾ. ਭੁਪਿੰਦਰ ਸਿੰਘ, ਜਿਲਾਂ ਪ੍ਰਧਾਨ ਹਰਪਾਲ ਸਿੰਘ ਭੰਗੂ, ਵਾਇਸ ਪ੍ਰਧਾਨ ਵਰਿੰਦਰ ਧੁੰਨਾਂ, ਕੁਸ਼ਾਲ ਸ਼ਰਮਾਂ, ਗੁਰਪ੍ਰੀਤ ਸਿੰਘ, ਰਾਘਵ ਅਰੋੜਾ, ਵਿਸ਼ਾਲ ਸ਼ਰਮਾਂ, ਜਤਿੰਦਰ ਸਿੰਘ ਥਿੰਦ, ਹਰੀਸ਼ ਸੂਰੀ, ਮੰਗਲ ਸਿੰਘ, ਸੁਰਿੰਦਰ ਸਿੰਘ ਵਿਰਦੀ ਆਦਿ ਅਹੁੱਦੇਦਾਰ ਹਾਜ਼ਰ ਸਨ।

# ਇੰਦੌਰ ਤੋਂ ਅਸਲਾ ਲੈ ਕੇ ਆ ਰਹੇ ਦੋ ਦੋਸ਼ੀ ਗ੍ਰਿਫਤਾਰ

### 6 ਪਿਸਟਲ 32 ਬੋਰ, 8 ਮੈਗਜੀਨ,12 ਜਿੰਦਾ ਰੋਂਦ ਬ੍ਰਾਮਦ , ਮਾਮਲਾ ਦਰਜ

**ਲੁਧਿਆਣਾ/ਰਾਜੂ ਵਾਲੀਆ**

ਥਾਣਾ ਡਵੀਜ਼ਨ ਨੰਬਰ 5 ਦੇ ਅਧੀਨ ਆਉਣ ਦੇ ਖੇਤਰਾ ਲੁਧਿਆਣਾ ਬੱਸ ਸਟੈਂਡ ਦੇ ਨੇੜੇ ਜਮਲਾ ਜੱਟ ਪਾਰਕ ਵਿਖੇ ਤੋਰ ਤੋਰਿ ਅਸਲਾ ਲੈ ਕੇ ਆਏ ਦੋ ਵਿਅਕਤੀਆਂ ਨੂੰ ਕੀਤਾ ਪੁਲਿਸ ਨੇ ਗ੍ਰਿਫਤਾਰ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ ਇੰਸ: ਅਮਰਿਤ ਪਾਲ ਸਿੰਘ ਨੇ ਦਸਿਆ ਕਿ ਸਮੇਤ ਪੁਲਿਸ ਪਾਰਟੀ ਮਿਤੀ 17 ਫਰਵਰੀ ਨੂੰ ਗਸ਼ਤ ਦੇ ਸਬੰਧ ਵਿੱਚ ਬੱਸ ਸਟੈਂਡ ਲੁਧਿ: ਮੌਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਅਨੀਕੇਤ ਤਲਵਾੜਾ ਵਾਸੀ ਵਾਲਮੀਕਿ ਗੇਟ ਜਵਾਹਰ ਨਗਰ ਕੈਂਪ ਅਤੇ ਮਨੀਸ਼ ਵਾਸੀ ਜਵਾਹਰ ਨਗਰ ਕੈਂਪ ਦੋਸ਼ੀ ਇੰਦੌਰ ਤੋਂ ਨਜਾਇਜ ਅਸਲਾ ਲੈ ਕੇ ਆਏ ਹਨ ।ਜਿਨ੍ਹਾਂ ਨੂੰ ਯਮਲਾ ਜੱਟ ਪਾਰਕ ਤੋ ਕਾਬੂ ਕਰਕੇ ਦੋਸ਼ੀਆਂ ਪਾਸੋ 06 ਪਿਸਟਲ 32 ਬੋਰ 08 ਮੈਗਜੀਨ,12 ਜਿੰਦਾ ਰੋਦ ਬ੍ਰਾਮਦ ਕੀਤੇ ਹਨ ਅਤੇ ਦੋਸ਼ੀਆਂ ਖਿਲਾਫ ਥਾਣਾ ਡਿਵੀਜ਼ਨ ਨੰਬਰ 5 ਵਿਚ ਦੋਸ਼ੀਆਂ ਖਿਲਾਫ ਧਾਰਾ 25 (7)/ 54/59 ਆਰਮ ਐਕਟ ਦੇ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ।

# ਦਲਿਤ ਐਂਡ ਮਾਇਨੋਰਟੀਜ਼ ਆਰਗੇਨਾਈਜ਼ੇਸ਼ਨ ( ਡੈਮੋ ) ਰਜਿ. ਵੱਲੋਂ ਲੋੜਵੰਦਾਂ ਨੂੰ ਫੂਡ ਕਿੱਟਾਂ ਵੰਡੀਆਂ ਗਈਆਂ




**ਅੰਮ੍ਰਿਤਸਰ/ਲੋਕ ਬਾਣੀ**

ਅੱਜ ਦਲਿਤ ਐਂਡ ਮਾਇਨੋਰਟੀਜ਼ ਆਰਗੇਨਾਈਜ਼ੇਸ਼ਨ (ਡੈਮੋ) ਵੱਲੋਂ ਸਿੰਘ ਸਭਾ ਲਹਿਰ ਦੇ 150 ਸਾਲਾ ਸਥਾਪਨਾ ਦਿਵਸ ਨੂੰ ਸਮਰਪਿਤ ਸਮਾਗਮ ਦੌਰਾਨ ਵਿਧਵਾ ਅਤੇ ਲੋੜਵੰਦ ਔਰਤਾਂ ਨੂੰ ਖਾਧ ਪਦਾਰਥ ਵੰਡਿਆ ਗਿਆ । ਭਗਵਾਨ ਵਾਲਮੀਕ ਤੀਰਥ ਰੋਡ ਮਾਹਲ ਵਿਖੇ ਸਮਾਗਮ ਵਿਚ ਵਿਸ਼ੇਸ਼ ਤੌਰ ਤੇ ਚੰਡੀਗੜ੍ਹ ਤੋਂ ਪਹੁੰਚੇ ਕੇਂਦਰੀ ਸ਼੍ਰੀ ਗੁਰੂ ਸਿੰਘ ਸਭਾ ਦੇ ਜਨਰਲ ਸਕੱਤਰ ਡਾ. ਖ਼ੁਸ਼ਹਾਲ ਸਿੰਘ ਵੱਲੋਂ ਆਪਣੇ ਵਿਚਾਰ ਸਾਂਝੇ ਕਰਦਿਆਂ ਸਿੱਖ ਸੰਸਥਾਵਾਂ ਨੂੰ ਗ਼ਰੀਬ ਦਲਿਤ ਸਿੱਖਾਂ ਦੀ ਬਾਂਹ ਫੜਨ ਦੀ ਅਪੀਲ ਕੀਤੀ ਗਈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਨੇ ਗ਼ਰੀਬ ਸਿੱਖਾਂ ਦੀ ਬਾਂਹ ਫੜੀ ਸੀ । ਇਸ ਮੌਕੇ ਡਾ. ਕਸ਼ਮੀਰ ਸਿੰਘ ਖੁੰਡਾ ਨੇ ਦਲਿਤਾਂ 'ਤੇ ਹੁੰਦੇ ਜ਼ੁਲਮਾਂ ਨੂੰ ਨੱਥ ਪਾਉਣ ਦੀ ਲੋੜ ਤੇ ਜ਼ੋਰ ਦਿੰਦਿਆਂ ਸਰਕਾਰਾਂ ਨੂੰ ਇਸ ਬਾਰੇ ਕਰੜਾ ਰੁੱਖ ਅਖਤਿਆਰ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਆਪਣੇ ਅਧਿਕਾਰਾਂ ਦੀ ਸਮਝ ਬਿਨਾ ਸਵੈ ਮਾਣ ਵਾਲਾ ਜੀਵਨ ਨਹੀਂ ਜੀਵਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਪੜ੍ਹ ਲਿਖ ਕੇ ਹੀ ਅੱਗੇ ਵਧਿਆ ਜਾ ਸਕਦਾ ਹੈ । ਸ. ਰਾਜਵਿੰਦਰ ਸਿੰਘ ਰਾਹੀ ਵੱਲੋਂ ਖੁੜਾਂ ਮਾਰੇ ਬੇਆਸਰੇ, ਗ਼ਰੀਬ ਅਤੇ ਦਲਿਤਾਂ ਲਈ ਸੰਸਥਾਵਾਂ ਨੂੰ ਅੱਗੇ ਆ ਦਾਨ ਦਾ ਮੂੰਹ ਇਹਨਾਂ ਵੱਲ ਮੋੜਨ ਦੀ ਲੋੜ 'ਤੇ ਜ਼ੋਰ ਦਿੱਤਾ । ਜ਼ਿਲ੍ਹਾ ਪ੍ਰੋਜੈਕਟ ਅਫ਼ਸਰ ਸ਼੍ਰੀ ਮਤੀ ਮੀਨਾ ਵੱਲੋਂ ਲੋੜਵੰਦਾਂ ਦੀਆਂ ਪੈਨਸ਼ਨਾਂ ਲਾਉਣ ਲਈ ਕੈਂਪ ਜਲਦ ਲਗਾਉਣ ਦੀ ਹਾਮੀ ਭਰੀ ਗਈ। ਤਹਿਸੀਲ ਭਲਾਈ ਅਫ਼ਸਰ ਸ. ਮਨਜੀਤ ਸਿੰਘ ਵੱਲੋਂ ਉਹਨਾਂ ਦੇ ਵਿਭਾਗ ਨਾਲ ਸਬੰਧਿਤ ਕੰਮ ਕਰਨ ਦਾ ਸੰਸਥਾ ਨੂੰ ਵਾਅਦਾ ਕੀਤਾ ਗਿਆ । ਕਰਨਲ ਸਵਰਨ ਸਿੰਘ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਅਤੇ ਸਟੇਜ ਸਕੱਤਰ ਦੀ ਭੂਮਿਕਾ ਸ. ਜਸਵੰਤ ਸਿੰਘ ਤੇ ਬਲਜੀਤ ਸਿੰਘ ਬਿੱਟਾ ਮਾਹਲ ਵੱਲੋਂ ਬਾਖ਼ੂਬੀ ਨਿਭਾਈ ਗਈ। ਸਮਾਗਮ ਆਏ ਹੋਏ ਮਹਿਮਾਨਾਂ ਨੂੰ ਡੈਮੋ ਦੇ ਅਹੁਦੇਦਾਰ ਸਰਵ ਸ. ਪਰਮਜੀਤ ਸਿੰਘ, ਭਾਗ ਸਿੰਘ, ਦਮਨ ਕਰਨ ਜੀਤ ਸਿੰਘ, ਯੁਗ ਯਾਦਵੀਰ ਸਿੰਘ, ਅਕਾਲ ਪਰਮਜੋਤ ਸਿੰਘ, ਜਸਵੰਤ ਸਿੰਘ, ਸ਼੍ਰੀਮਤੀ ਅਮਰਜੀਤ ਕੌਰ, ਰਵਿੰਦਰ ਕੌਰ, ਮਿਸਿਜ਼ ਕਰਨਲ ਸਵਰਨ ਸਿੰਘ ਆਦਿ ਵੱਲੋਂ ਸਿਰੋਪੇ ਦੇ ਕੇ ਸਨਮਾਨਿਤ ਕੀਤਾ ਗਿਆ। ਵਿਸ਼ੇਸ਼ ਧੰਨਵਾਦ ਸੰਸਥਾ ਵੱਲੋਂ ਵਲੰਟੀਅਰ ਸ. ਹਰਪ੍ਰੀਤ ਸਿੰਘ ਅਤੇ ਬਲਜੀਤ ਸਿੰਘ ਬਿੱਟਾ ਮਾਹਲ ਨੂੰ ਸਨਮਾਨ ਚਿੰਨ੍ਹ ਦੇ ਕੇ ਕੀਤਾ ਗਿਆ । ਸਮਾਗਮ ਦੇ ਅੰਤ 'ਤੇ ਸੰਸਥਾ ਵੱਲੋਂ 100 ਤੋਂ ਵੱਧ ਲਾਭਪਾਤਰੀਆਂ ਨੂੰ ਖਾਧ ਪਦਾਰਥਾਂ ਦੀਆਂ ਕਿੱਟਾਂ ਦੇ ਕੇ ਖ਼ੁਸ਼ੀ ਪ੍ਰਾਪਤ ਕੀਤੀ ਗਈ।

# ਅੰਨਦਾਤਾ ਕਿਸਾਨ ਯੂਨੀਅਨ ਵੱਲੋ ਲੁਧਿਆਣਾ ਵਿਖੇ ਰਾਜ ਪੱਧਰੀ ਸਮਾਗਮ ਆਯੋਜਿਤ

## ਬੰਦੀ ਸਿੰਘਾਂ ਦੀ ਰਿਹਾਈ ਲਈ ਲੱਗਿਆ ਇਨਸਾਫ ਮੋਰਚਾ ਹੁਣ ਲੋਕ ਯੁੱਧ ਮੋਰਚਾ ਬਣਿਆ-ਗੁਰਮੁਖ ਸਿੰਘ ਵਿਰਕ

**ਲੁਧਿਆਣਾ/ਲੋਕ ਬਾਣੀ**

ਦੇਸ਼ ਦੇ ਸਮੂਹ ਰਾਜਾਂ ਵਿੱਚ ਵੱਸਦੇ ਕਿਸਾਨਾਂ ਨੂੰ ਬਣਦੇ ਹੱਕ ਦਿਵਾਉਣ ਅਤੇ ਉਨ੍ਹਾਂ ਨੂੰ ਦਰਪੇਸ਼ ਮੁਸ਼ਕਿਲਾਂ ਦੇ ਹੱਲ ਲਈ ਪਿਛਲੇ ਲੰਮੇ ਸਮੇਂ ਤੋ ਸ਼ੰਘਰਸ਼ ਕਰ ਰਹੀ ਜੱਥੇਬੰਦੀ ਅੰਨਦਾਤਾ ਕਿਸਾਨ ਯੂਨੀਅਨ(ਮੈਬਰ ਸੰਯੁਕਤ ਕਿਸਾਨ ਮੋਰਚਾ ਭਾਰਤ) ਦੇ ਕੌਮੀ ਪ੍ਰਧਾਨ ਸ.ਗੁਰਮੁਖ ਸਿੰਘ ਵਿਰਕ ਨੇ ਕਿਹਾ ਕਿ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦੇ ਬਾਰਡਰ ਉਪਰ ਸਾਹਿਬ ਸ਼ ?ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਈ ਬੇਅਦਬੀ ਦੇ ਮੁੱਖ ਦੋਸ਼ੀਆਂ ਖਿਲਾਫ ਕਾਨੂੰਨੀ ਕਾਰਵਾਈ ਕਰਨ ,ਦੇਸ਼ ਦੀਆਂ ਵੱਖ ਵੱਖ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿੱਚ ਲੰਮੇ ਸਮੇਂ ਤੋ ਨਜ਼ਰਬੰਦ ਬੰਦੀ ਸਿੰਘਾਂ ਦੀ ਰਿਹਾਈ ਸਮੇਤ ਕਿਸਾਨਾਂ ਦੇ ਹੱਕੀ ਮੁੱਦਿਆ ਨੂੰ ਲੈ ਕੇ ਚਲ ਰਿਹਾ ਇਨਸਾਫ ਮੋਰਚਾ ਹੁਣ ਕੇਵਲ ਮੋਰਚਾ ਨਹੀਂ ਬਲਕਿ ਲੋਕ ਯੁੱਧ ਮੋਰਚਾ ਬਣ ਗਿਆ ਹੈ, ਕਿਉਂ ਕਿ ਹੁਣ ਸਿੱਖਾਂ ਤੇ ਪੰਜਾਬੀ ਭਾਈਚਾਰੇ ਦੇ ਲੋਕਾਂ ਅਤੇ ਕਿਸਾਨਾਂ ਦੇ ਨਾਲ ਨਾਲ ਦੇਸ਼ ਅੰਦਰ ਵੱਸਦੇ ਵੱਖ ਵੱਖ ਧਰਮਾਂ ਦੇ ਲੋਕ ਕੱਟੜਵਾਦੀ ਸਰਕਾਰ ਦੇ ਖਿਲਾਫ ਖੁੱਲ ਕੇ ਆਪਣੀ ਆਵਾਜ ਬੁਲੰਦ ਕਰਨ ਲਈ ਇਨਸਾਫ ਮੋਰਚੇ ਦੇ ਸ਼ੰਘਰਸ਼ ਵਿੱਚ ਵੱਡੇ ਪੱਧਰ ਸ਼ਾਮਿਲ ਹੋ ਰਹੇ ਹਨ ਅੱਜ ਡੀ.ਸੀ ਦਫ਼ਤਰ ਲੁਧਿਆਣਾ ਦੇ ਬਾਹਰ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਸੁਹਿਰਦ ਅਗਵਾਈ ਹੇਠ ਅੰਨਦਾਤਾ ਕਿਸਾਨ ਯੂਨੀਅਨ ਦੇ ਵੱਲੋ ਆਯੋਜਿਤ ਕੀਤੇ ਗਏ ਰਾਜ ਪੱਧਰੀ ਸਮਾਗਮ ਅੰਦਰ ਉਚੇਚੇ ਤੌਰ ਤੇ ਆਪਣੀ ਹਾਜ਼ਰੀ ਭਰਨ ਲਈ ਪੁੱਜੇ ਅੰਨਦਾਤਾ ਕਿਸਾਨ ਯੂਨੀਅਨ ਦੇ ਕੌਮੀ ਪ੍ਰਧਾਨ ਗੁਰਮੁਖ ਸਿੰਘ ਵਿਰਕ ਨੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੇਕਰ ਦੇਸ਼ ਨੂੰ ਆਰਥਿਕ, ਰਾਜਨੀਤਕ ਤੇ ਸਮਾਜਿਕ ਤੌਰ ਤੇ ਬਚਾਉਣਾ ਹੈ ਤਾਂ ਦੇਸ਼ ਦੀ ਸੱਤਾ ਤੇ ਕਾਬਜ਼ ਕੱਟੜਵਾਦੀ ਸੋਚ ਦੇ ਧਾਰਨੀ ਆਗੂਆਂ ਅਤੇ ਪੂੰਜੀਵਾਦੀਆਂ ਦੇ ਖਿਲਾਫ ਸਾਨੂੰ ਪੂਰੀ ਇੱਕਜੁੱਟਤਾ ਨਾਲ ਆਪਣੀ ਆਵਾਜ਼ ਬੁਲੰਦ ਕਰਕੇ ਵੱਡਾ ਸ਼ੰਘਰਸ਼ ਕਰਨਾ ਪਵੇਗਾ ਉਨ੍ਹਾਂ ਨੇ ਦੋਸ਼ ਲਗਾਇਆ ਕਿ ਜੇਕਰ ਦੇਸ਼ ਦੀ ਸਰਕਾਰ ਕਾਨੂੰਨ ਰਾਹੀਂ ਮਿੱਥੀਆਂ ਹੋਈਆਂ ਸਾਜ਼ਵਾਂ ਪੂਰੀਆਂ ਕਰਨ ਵਾਲੇ ਦੂਜੇ ਵਿਅਕਤੀਆਂ ਨੂੰ ਰਿਹਾ ਕਰ ਸਕਦੀ ਹੈ ਤਾਂ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਆਪਣੀ ਕੱਟੜਵਾਦੀ ਸੋਚ ਕਿਉ ਅਪਣਾ ਰਹੀ ਹੈ,ਖਾਸ ਕਰਕੇ ਬਰਗਾੜੀ ਤੇ ਬਹਿਬਲ ਕਲਾਂ ਵਿਖੇ ਹੋਈ ਸ਼ ?ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲੇ ਵਾਲੇ ਮੁੱਖ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਸਾਜ਼ਵਾਂ ਕਿਉ ਨਹੀ ਦਿੱਤੀਆਂ ਜਾ ਰਹੀਆਂ? ਕਿਸਾਨੀ ਸ਼ੰਘਰਸ਼ ਦੌਰਾਨ ਲਖੀਮਪੁਰ ਖੀਰੀ ਵਿਖੇ ਸ਼ਹੀਦ ਹੋਣ ਵਾਲੇ ਕਿਸਾਨਾਂ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਕਿਉ ਨਹੀਂ ਕੀਤਾ ਜਾ ਰਿਹਾ। ਆਪਣੀ ਗੱਲਬਾਤ ਦੌਰਾਨ ਗੁਰਮੁਖ ਸਿੰਘ ਵਿਰਕ ਨੇ ਕਿਹਾ ਕਿ ਕਿਸਾਨੀ ਸੰਘਰਸ਼ ਦੌਰਾਨ ਸਾਡੀ ਜੱਥੇਬੰਦੀ ਨੇ ਦੇਸ਼ ਦੇ ਲੋਕਾਂ ਨੂੰ ਜਾਗਰੂਕ ਕਰਨ ਵਿੱਚ ਆਪਣਾ ਅਹਿਮ ਰੋਲ ਨਿਭਾਇਆ ਹੈ।ਇਸੇ ਤਰ੍ਹਾਂ ਹੁਣ ਲੋਕ ਇਨਸਾਫ ਮੋਰਚੇ ਨੂੰ ਸਫਲ ਕਰਨ ਵਿੱਚ ਸਾਡੀ ਜੱਥੇਬੰਦੀ ਅੰਨਦਾਤਾ ਕਿਸਾਨ ਯੂਨੀਅਨ ਆਪਣਾ ਬਣਦਾ ਯੋਗਦਾਨ ਪਾਵੇਗੀ। ਇਸ ਮੌਕੇ ਗੁਰਮੁਖ ਸਿੰਘ ਵਿਰਕ ਨੇ ਦੇਸ਼ ਦੇ ਮਿਹਨਤਕਸ਼ ਕਿਸਾਨਾਂ ਦੇ ਹੱਕ ਵਿੱਚ ਆਪਣੀ ਜ਼ੋਰਦਾਰ ਆਵਾਜ਼ ਬੁਲੰਦ ਕਰਨ ਅਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਲਗਾਤਾਰ ਸ਼ੰਘਰਸ਼ ਕਰਨ ਵਾਲੀ ਸ਼ਖਸ਼ੀਅਤ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਦੀਆਂ ਵੱਡਮੁੱਲੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਹੋਇਆ ਉਨ੍ਹਾਂ ਨੂੰ ਅੰਨਦਾਤਾ ਕਿਸਾਨ ਯੂਨੀਅਨ ਪੰਜਾਬ ਇਕਾਈ ਦਾ ਰਸਮੀ ਤੌਰ ਤੇ ਪ੍ਰਧਾਨ ਨਿਯੁਕਤ ਕਰਨ ਦਾ ਐਲਾਨ ਕਰਦਿਆਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਉਨ੍ਹਾਂ ਵੱਲੋ ਜਿਸ ਸੁਹਿਰਦਤਾ ਭਰੀ ਸੋਚ ਨਾਲਪੰਜਾਬ ਦੇ ਸ਼ਹਿਰੀ ਲੋਕਾਂ ਨੂੰ ਕਿਸਾਨੀ ਸ਼ੰਘਰਸ਼ ਨਾਲ ਜੋੜਿਆ ਅਤੇ ਲੁਧਿਆਣਾ ਸ਼ਹਿਰ ਵਿਖੇ ਸ਼ਾਤਮਈ ਢੰਗ ਨਾਲ ਕਿਸਾਨਾਂ ਦੇ ਹੱਕ ਵਿੱਚ ਮੋਰਚਾ ਲਗਾਇਆ।

ਉਹ ਕਾਬਲ ਏ ਤਾਰੀਫ਼ ਕਾਰਜ ਸੀ ਉਨ੍ਹਾਂ ਨੇ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਨੂੰ ਆਪਣੀ ਦਿਲੀ ਆਸੀਸ ਦਿੰਦਿਆਂ ਕਿਹਾ ਕਿ ਉਨ੍ਹਾਂ ਦੇ ਅੰਨਦਾਤਾ ਕਿਸਾਨ ਯੂਨੀਅਨ ਪੰਜਾਬ ਇਕਾਈ ਦੇ ਪ੍ਰਧਾਨ ਬਣਨ ਨਾਲ ਕਿਸਾਨੀ ਸ਼ੰਘਰਸ਼ ਨੂੰ ਹੋਰ ਮਜ਼ਬੂਤੀ ਪ੍ਰਦਾਨ ਹੋਵੇਗੀ। ।ਇਸ ਮੌਕੇ ਜੱਥੇ. ਨਿਮਾਣਾ ਨੇ ਅੰਨਦਾਤਾ ਕਿਸਾਨ ਯੂਨੀਅਨ ਦੇ ਕੌਮੀ ਪ੍ਰਧਾਨ ਸ.ਗੁਰਮੁਖ ਸਿੰਘ ਵਿਰਕ ਨੂੰ ਭਰੋਸਾ ਦਿਵਾਉਦਿਆ ਹੋਇਆ ਕਿਹਾ ਕਿ ਸ਼ੰਘਰਸ਼ੀਲ ਕਿਸਾਨਾਂ ਦੇ ਹੱਕ ਵਿੱਚ ਉਹ ਆਪਣੇ ਸਾਥੀਆਂ ਦੇ ਨਾਲ ਦੇ ਨਾਲ ਹਮੇਸ਼ਾ ਡੱਟ ਕੇ ਖੜੇ ਹਨ ਅਤੇ ਹਮੇਸ਼ਾਂ ਸ਼ਹਿਰੀ ਲੋਕਾਂ ਦੇ ਨਿੱਘੇ ਸਹਿਯੋਗ ਨਾਲ ਆਪਣੀ ਜ਼ੋਰਦਾਰ ਆਵਾਜ਼ ਕੇਂਦਰ ਸਰਕਾਰ ਦੇ ਖਿਲਾਫ ਬੁਲੰਦ ਕਰਦੇ ਰਹਿਣਗੇ ।ਇਸ ਮੌਕੇ ਜੱਥੇਦਾਰ ਤਰਨਜੀਤ ਸਿੰਘ ਦੀ ਅਗਵਾਈ ਹੇਠ ਇੱਕਤਰ ਹੋਏ ਉਨਾਂ ਦੇ ਸਾਥੀਆਂ ਨੇ ਜਿੱਥੇ ਸ.ਗੁਰਮੁਖ ਸਿੰਘ ਵਿਰਕ ਕੌਮੀ ਪ੍ਰਧਾਨ ਅੰਨਦਾਤਾ ਕਿਸਾਨ ਯੂਨੀਅਨ ਦਾ ਧੰਨਵਾਦ ਪ੍ਰਗਟ ਕੀਤਾ ਉੱਥੇ ਨਾਲ ਹੀ ਸ.ਵਿਰਕ ਨੂੰ ਸਿਰਪਾਉ ਭੇਟ ਕਰਕੇ ਸਨਮਾਨਿਤ ਵਿ ਕੀਤਾ ।ਇਸ ਸਮੇਂ ਉਨ੍ਹਾਂ ਦੇ ਨਾਲ ਭਾਈ ਹਰਪ੍ਰੀਤ ਸਿੰਘ ਮਖੂ,ਅੰਨਦਾਤਾ ਕਿਸਾਨ ਯੂਨੀਅਨ ਦੇ ਲੀਗਲ ਐਡਵਾਈਜ਼ਰ ਉਪਕਾਰ ਸਿੰਘ, ਬਾਬਾ ਨਿਸ਼ਾਨ ਸਿੰਘ ਜ਼ਿਲ੍ਹਾ ਪ੍ਰਧਾਨ ਗੁਰਦਾਸਪੁਰ, ਪਾਲਾ ਰਾਮ ਖੇਤ ਮਜ਼ਦੂਰ ਯੂਨੀਅਨ,ਰਾਮ ਚੰਦਰ ਮੀਤ ਪ੍ਰਧਾਨ ਅੰਨਦਾਤਾ ਕਿਸਾਨ ਯੂਨੀਅਨ, ਕੈਪਟਨ ਰਣਜੀਤ ਸੈਕਟਰੀ (ਭਾਰਤ)ਬਾਬਾ ਬਲਵਿੰਦਰ ਸਿੰਘ ਅਸੰਧ ਕਰਨਾਲ, ਗੁਰਜੀਤ ਸਿੰਘ,ਸ਼ਮਸ਼ੇਰ ਸਿੰਘ ਹਰਗੋਬਿੰਦਪੁਰਾ, ਟਰੇਡ ਯੂਨੀਅਨ ਪ੍ਰਧਾਨ ਪਰਮਜੀਤ ਸਿੰਘ, ਲਵਜੀਤ ਸਿੰਘ ਧਾਲੀਵਾਲ, ਦਲਜੀਤ ਸਿੰਘ ਦੁੱਗਰ,ਗੁਰਮੋਹਨ ਸਿੰਘ ਗੁੱਡੂ,ਦਿਲਬਾਗ ਸਿੰਘ, ਰਾਣਾ ਸਿੰਘ ਦਾਦ, ਗਿਰਦੌਰ ਸਿੰਘ,ਸੁਖਜੀਤ ਸਿੰਘ, ਹਾਜਰ ਸਨ।





# ਖਾਲਸਾ ਕਾਲਜ ਵਿਖੇ ਅੰਤਰ-ਰਾਜੀ ਲੋਕ ਨਾਚ ਮੁਕਾਬਲਿਆਂ ਦੌਰਾਨ ਦਰਸ਼ਕ ਮੰਤਰ ਮੁਗਧ

## ਅਜਿਹੇ ਸੱਭਿਆਚਾਰਕ ਅਦਾਨ ਪ੍ਰਦਾਨ ਪ੍ਰੋਗਰਾਮ ਵਿਦਿਆਰਥੀਆਂ ਨੂੰ ਸੱਭਿਆਚਾਰਕ ਤੌਰ ’ਤੇ ਨਿਖਾਰਦੇ : ਪ੍ਰਿੰ: ਡਾ. ਮਹਿਲ ਸਿੰਘ








**ਅੰਮ੍ਰਿਤਸਰ/ਲੋਕ ਬਾਣੀ**

ਖਾਲਸਾ ਕਾਲਜ ਦੇ ਯੁਵਕ ਭਲਾਈ ਵਿਭਾਗ ਵੱਲੋਂ ਅੰਤਰ-ਰਾਜੀ ਲੋਕ ਨਾਚ ਮੁਕਾਬਲਾ ਕਰਵਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਮਹਿਲ ਸਿੰਘ ਦੇ ਸਹਿਯੋਗ ਨਾਲ ਇਹ ਭਾਰਤ ਸਰਕਾਰ ਦੇ ਅੰਤਰ-ਰਾਜੀ ਯੂਥ ਐਕਸਚੇਂਜ ਪ੍ਰੋਗਰਾਮ ਤਹਿਤ ਆਯੋਜਿਤ ਕੀਤਾ ਗਿਆ ਸੀ। ਜਿਸ ਸਬੰਧੀ ਗੁਜਰਾਤ ਰਾਜ ਦੇ ਖੇਡ, ਯੁਵਾ ਅਤੇ ਸੱਭਿਆਚਾਰਕ ਗਤੀਵਿਧੀਆਂ ਵਿਭਾਗ, ਗਾਂਧੀ ਨਗਰ ਵੱਲੋਂ ਪੰਜਾਬ ’ਚ ਗੁਜਰਾਤੀ ਲੋਕ ਨਾਚਾਂ ਦਾ ਸੰਮੇਲਨ ਕਰਵਾਇਆ ਗਿਆ ਅਤੇ ਇਸ ਦਾ ਤਾਲਮੇਲ ਪੰਜਾਬ ਲੋਕ ਕਲਾ ਕੇਂਦਰ, ਗੁਰਦਾਸਪੁਰ ਵੱਲੋਂ ਕੀਤਾ ਗਿਆ।

ਇਸ ਮੌਕੇ ਪ੍ਰਿੰ: ਡਾ. ਮਹਿਲ ਸਿੰਘ ਨੇ ਗੁਜਰਾਤ ਤੋਂ ਆਏ ਕਲਾਕਾਰਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਅਜਿਹੇ ਸੱਭਿਆਚਾਰਕ ਅਦਾਨ ਪ੍ਰਦਾਨ ਪ੍ਰੋਗਰਾਮ ਵਿਦਿਆਰਥੀਆਂ ਨੂੰ ਸੱਭਿਆਚਾਰਕ ਤੌਰ ’ਤੇ ਨਿਖਾਰਦੇ ਹਨ। ਉਨ੍ਹਾਂ ਕਿਹਾ ਕਿ ਕਾਲਜ ਵਿਖੇ ਪੰਜਾਬ ਅਤੇ ਗੁਜਰਾਤ ਦੇ ਸੱਤ ਨਾਚਾਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ, ਜਿਸ ’ਚ ਹਰੇਕ ਆਪਣੀ ਨਾਚ ਨਾਲ ਹਾਜ਼ਰ ਸਰੋਤਿਆਂ ਨੂੰ ਕੀਲਿਆ। ਇਸ ਮੌਕੇ ਪ੍ਰਿੰ: ਡਾ. ਮਹਿਲ ਸਿੰਘ ਨੇ ਭਾਗ ਲੈਣ ਵਾਲੀਆਂ ਅਤੇ ਜੇਤੂ ਟੀਮਾਂ ਨੂੰ ਵਧਾਈ ਵੀ ਦਿੱਤੀ। ਇਸ ਮੌਕੇ ਡਾਇਰੈਕਟਰ ਯੁਵਕ ਭਲਾਈ, ਜੀ.ਐਨ.ਡੀ.ਯੂ, ਡਾ: ਅਮਨਦੀਪ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ’ਚ ਨੌਜਵਾਨ ਡਾਂਸਰਾਂ ਦੇ ਪ੍ਰਦਰਸ਼ਨ ਦੀ ਸ਼ਲਾਘਾ ਕਰਦਿਆਂ ਅਜਿਹੇ ਅੰਤਰ-ਰਾਜੀ ਸੱਭਿਆਚਾਰਕ ਅਦਾਨ-ਪ੍ਰਦਾਨ ’ਤੇ ਜ਼ੋਰ ਦਿੱਤਾ ਜੋ ਰਾਸ਼ਟਰ ਨਿਰਮਾਣ ਦੀ ਪ੍ਰਕਿਰਿਆ ਨੂੰ ਮਜ਼ਬੂਤ ਕਰਦੇ ਹਨ। ਇਸ ਮੌਕੇ ਗੁਜਰਾਤੀ ਦਲ ਦੇ ਆਗੂ ਸ੍ਰੀ ਹਿਤੇਸ਼ ਦਿਹੋਰਾ ਨੇ ਗੁਜਰਾਤ ਦੇ ਵੱਖ-ਵੱਖ ਨਾਚਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪ੍ਰੋਗਰਾਮ ਮੌਕੇ ਮਨਿਆਰੋ ਰਾਸ, ਗਰਬਾ, ਰੱਸੀ ਰਾਸ ਅਤੇ ਉਤਸਵ ਰਾਸ ਪੇਸ਼ ਕੀਤੇ ਗਏ ਸਨ। ਇਸ ਮੌਕੇ ਕਾਲਜ ਦੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਪੰਜਾਬੀ ਝੂੰਮਰ ਨੂੰ ਮੁਕਾਬਲੇ ਦੇ ਜੱਜ ਸਾਹਿਬਾਨਾਂ ਨੇ ਸਰਵੋਤਮ ਡਾਂਸ ਦਾ ਖਿਤਾਬ ਦਿੱਤਾ। ਇਸ ਦੌਰਾਨ ਪੰਜਾਬ ਲੋਕ ਕਲਾ ਕੇਂਦਰ ਦੇ ਨਿਰਦੇਸ਼ਕ ਸ: ਹਰਮਨਪ੍ਰੀਤ ਸਿੰਘ ਨੇ ਸੰਬੋਧਨ ’ਚ ਅਜਿਹੇ ਪ੍ਰੋਗਰਾਮ ਕਰਵਾਉਣ ਲਈ ਕਾਲਜ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਜਦ ਕਿ ਹਿੰਦੀ ਵਿਭਾਗ ਦੇ ਮੁਖੀ ਡਾ: ਸੁਰਜੀਤ ਕੌਰ ਨੇ ਸਟੇਜ਼ ਦਾ ਸੰਚਾਲਨ ਕੀਤਾ ਅਤੇ ਕਾਲਜ ਰਜਿਸਟਰਾਰ ਸ. ਦਵਿੰਦਰ ਸਿੰਘ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ। ਇਸ ਮੌਕੇ ਡਾ. ਦੀਪਕ ਦੇਵਗਨ, ਡਿਪਟੀ ਰਜਿਸਟਰਾਰ, ਗਿੱਧਾ ਟੀਮ ਦੀ ਇੰਚਾਰਜ ਡਾ: ਹਰਜੀਤ ਕੌਰ ਅਤੇ ਭੰਗੜਾ ਟੀਮ ਦੇ ਇੰਚਾਰਜ ਡਾ: ਰਣਦੀਪ ਸਿੰਘ ਤੋਂ ਇਲਾਵਾ ਸਮਾਗਮ ਦੀ ਪ੍ਰਬੰਧਕੀ ਟੀਮ ਵੀ ਹਾਜ਼ਰ ਸੀ।

# ਬਦਲਦੇ ਦੌਰ ਵਿਚ ਪਿੰਡ ਦੀ ਸਥਿਤੀ





**ਵਿਜੈ ਗਰਗ**
ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਵੀਸ ਮਲੋਟ ਪੰਜਾਬ

ਪੇਂਡੂ ਪਰਿਵਾਰਾਂ ਦੀ ਆਰਥਿਕਤਾ ਭਾਰਤ ਦੇ ਸਰਵਪੱਖੀ ਵਿਕਾਸ ਦੀ ਨੀਂਹ ਹੈ, ਜੋ ਮੁੱਖ ਤੌਰ 'ਤੇ ਖੇਤੀ ਪ੍ਰਧਾਨ ਹੀ ਰਹੀ ਹੈ। ਆਮ ਤੌਰ 'ਤੇ ਦੋ ਫਸਲਾਂ ਉਨਹਾਲੂ ਅਤੇ ਸਿਆਲੂ ਵਿਚ ਪੈਦਾ ਹੋਏ ਅਨਾਜ ਦੀ ਵਿਕਰੀ ਘਰ ਦੇ ਹਰ ਕਿਸੇ ਲਈ ਕੱਪੜੇ, ਦਵਾਈ, ਪੜ੍ਹਾਈ ਦਾ ਖਰਚਾ ਅਤੇ ਵਿਆਹ ਦਾ ਪ੍ਰਬੰਧ ਕਰਦੀ ਸੀ। ਸਾਡੀ ਉਮਰ ਦੇ ਲੋਕਾਂ ਦੇ ਕੱਪੜੇ ਅਕਸਰ ਦਰਜ਼ੀ ਦੀ ਜਗ ?ਹਾ 'ਤੇ ਉਸੇ ਸਟੇਸ਼ਨ ਦੇ ਕੱਪੜੇ ਨਾਲ ਸਿਲਾਈ ਹੁੰਦੇ ਸਨ। ਇਸ ਕਾਰਨ ਪਰਿਵਾਰਾਂ ਵਿੱਚ ਸਮਾਨਤਾ ਜਾਂ ਸਮਾਨਤਾ ਨਾ ਸਿਰਫ਼ ਦਿਖਾਈ ਦਿੰਦੀ ਸੀ, ਸਗੋਂ ਮਹਿਸੂਸ ਵੀ ਹੁੰਦੀ ਸੀ। ਜੇਕਰ ਇੱਕ ਪਰਿਵਾਰ ਵਿੱਚ ਇੱਕ ਜਾਂ ਦੋ ਜੀਆਂ ਨੂੰ ਨੌਕਰੀ ਮਿਲ ਜਾਂਦੀ ਹੈਜਦੋਂ ਉਹ ਆਪਣੇ ਪਰਿਵਾਰ ਕੋਲ ਗਈ ਤਾਂ ਉਸਦੀ ਆਰਥਿਕ ਸਥਿਤੀ ਵਿੱਚ ਤਬਦੀਲੀ ਕਾਰਨ ਉਸਦਾ ਸਮਾਜਿਕ ਪੱਧਰ ਬਦਲ ਗਿਆ। ਅਜਿਹੇ ਨੌਕਰੀਪੇਸ਼ਾ ਲੋਕਾਂ ਨੇ ਆਪਣੇ ਅਤੇ ਆਪਣੇ ਬੱਚਿਆਂ ਲਈ ਇੱਕੋ ਸਟੇਸ਼ਨ ਤੋਂ ਕੱਪੜੇ ਸਿਲਾਈ ਕਰਵਾਉਣ ਦੀ ਬਜਾਏ ਬਾਜ਼ਾਰ ਤੋਂ ਤਿਆਰ ਕੱਪੜੇ ਖਰੀਦਣੇ ਸ਼ੁਰੂ ਕਰ ਦਿੱਤੇ, ਜਿਨ੍ਹਾਂ ਨੇ ਹੌਲੀ-ਹੌਲੀ ਬ੍ਰਾਂਡੇਡ ਕੱਪੜੇ ਅਪਣਾਉਣੇ ਸ਼ੁਰੂ ਕਰ ਦਿੱਤੇ। ਕੁਦਰਤੀ ਤੌਰ 'ਤੇ ਆਰਥਿਕਤਾ ਦਾ ਕੇਂਦਰੀਕਰਨ ਸ਼ਹਿਰਾਂ ਵੱਲ ਚਲਾ ਗਿਆ ਅਤੇ ਪੇਂਡੂ ਖੇਤਰਾਂ ਵਿੱਚ ਗਰੀਬੀ ਵਧਣ ਨਾਲ ਗਰੀਬੀ ਵਧੀ। ਸਮਾਜ ਦੇ ਕਮਜ਼ੋਰ ਵਰਗਾਂ ਦਾ ਜੀਵਨ ਪੱਧਰ ਬਦ ਤੋਂ ਬਦਤਰ ਹੋ ਗਿਆ। ਉਤਪਾਦਕ-ਰੁਜ਼ਗਾਰ ਦੇ ਮੌਕੇ ਘਟੇ ਹਨ। ਸਾਖਰਤਾ ਖਾਸ ਕਰਕੇ ਔਰਤ ਸਾਖਰਤਾ ਅਤੇ ਹੁਨਰਵਿਕਾਸ ਨਹੀਂ ਹੋ ਸਕਿਆ। ਮੌਕਿਆਂ ਦੀ ਘਾਟ ਅਤੇ ਬੇਰੁਜ਼ਗਾਰੀ ਆਦਿ ਵਿੱਚ ਵਾਧਾ ਹੋਣ ਕਾਰਨ ਪੇਂਡੂ ਆਰਥਿਕਤਾ ਦੇ ਵਿਕਾਸ ਵਿੱਚ ਰੁਕਾਵਟਾਂ ਆਉਣੀਆਂ ਸ਼ੁਰੂ ਹੋ ਗਈਆਂ। ਹੌਲੀ-ਹੌਲੀ ਸਾਡੀ ਖੇਤੀ ਆਰਥਿਕਤਾ ਸਿਰਫ਼ ਰਸਮੀ ਆਰਥਿਕਤਾ ਬਣ ਗਈ। ਫ਼ਸਲਾਂ ਦੇ ਖ਼ਰਾਬ ਹੋਣ, ਨਾਕਾਫ਼ੀ ਆਮਦਨ ਅਤੇ ਬਦਲਵੇਂ ਰੁਜ਼ਗਾਰ ਦਾ ਕੋਈ ਸਾਧਨ ਨਾ ਹੋਣ ਕਾਰਨ ਕਰਜ਼ਾ ਨਾ ਮੋੜ ਸਕਣ ਕਾਰਨ ਕਈ ਕਿਸਾਨਾਂ ਨੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਸਮਾਜਿਕ ਪੱਧਰੀਕਰਨ ਦੇ ਇਸ ਬਦਲਾਅ ਵਿੱਚ, ਮਸ਼ਹੂਰ ਕੰਪਨੀਆਂ ਨੇ ਅਸਿੱਧੇ ਅਤੇ ਕਈ ਵਾਰ ਸਿੱਧੇ ਤੌਰ 'ਤੇ ਨਕਾਰਾਤਮਕ ਭੂਮਿਕਾ ਨਿਭਾਈ। ਉਸ ਦੀ ਇਹ ਭੂਮਿਕਾਅੱਜ ਵੀ ਅਸੀਂ ਆਪਣੇ ਕਿਸਾਨਾਂ ਜਾਂ ਹੋਰ ਸਮਾਜਾਂ ਵਿੱਚ ਦੇਖ ਸਕਦੇ ਹਾਂ। ਕਪੜੇ ਅਤੇ ਲਿਬਾਸ ਜੋ ਪਹਿਲਾਂ ਆਮ ਸਨ, ਅਕਸਰ ਮਸ਼ਹੂਰ ਕੰਪਨੀਆਂ ਦੁਆਰਾ ਬ੍ਰਾਂਡ ਕੀਤੇ ਜਾਂਦੇ ਹਨ ਅਤੇ ਉਹਨਾਂ ਦੀ ਅਸਲ ਕੀਮਤ ਤੋਂ ਕਈ ਗੁਣਾ ਵੱਧ ਵੇਚੇ ਜਾਂਦੇ ਹਨ। ਇਸ ਸਾਰੀ ਕਾਰਵਾਈ ਵਿੱਚ ਅਜਿਹੇ ਕੱਪੜਿਆਂ ਦੇ ਖਰੀਦਦਾਰ ਦਾ ਸ਼ੋਸ਼ਣ ਹੁੰਦਾ ਹੈ, ਜਿਸ ਕਾਰਨ ਪਿੰਡ ਵਿੱਚ ਕੱਪੜੇ ਸਿਲਾਈ ਕਰਕੇ ਸਵੈ-ਰੁਜ਼ਗਾਰ ਵਿੱਚ ਲੱਗਾ ਦਰਜ਼ੀ ਵਰਗ ਬੇਰੁਜ਼ਗਾਰ ਹੋ ਗਿਆ ਹੈ। ਇਸ ਨਾਲ ਵੱਡੀਆਂ ਬਹੁਕੌਮੀ ਕੰਪਨੀਆਂ ਦੀ ਅਸਾਧਾਰਨ ਕਮਾਈ ਵਧੀ ਅਤੇ ਦੇਸ਼ ਦਾ ਪੈਸਾ ਦੂਜੇ ਦੇਸ਼ਾਂ ਵਿੱਚ ਜਾਣ ਲੱਗਾ। ਇਹ ਪ੍ਰਕਿਰਿਆ ਪਿੰਡ ਆਧਾਰਿਤ ਸਮਾਜਿਕ-ਆਰਥਿਕ ਢਾਂਚੇ ਨੂੰ ਤਬਾਹ ਕਰਨ ਵਿੱਚ ਵੱਡੀ ਭੂਮਿਕਾ ਨਿਭਾਉਂਦੀ ਹੈ ਉਹ ਹੈ ਜਦੋਂ ਕੱਪੜਾ, ਫਰਨੀਚਰ, ਭਵਨ ਨਿਰਮਾਣ, ਵਿਆਹ ਸਮਾਗਮ ਆਦਿ ਦੇ ਮਾਮਲਿਆਂ ਵਿੱਚ ਪੇਂਡੂ ਸਵੈ-ਨਿਰਭਰਤਾ ਸੀ, ਤਾਂ ਇਸ ਨੂੰ ਖਤਮ ਕਰਨ ਵਿੱਚ ਰੈਡੀਮੇਡ ਜਾਂ ਰੈਡੀਮੇਡ ਅਤੇ ਬ੍ਰਾਂਡਿਡ ਉਤਪਾਦਾਂ ਨੇ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਈ। ਨਵੀਂ ਵਿਵਸਥਾ ਦਾ ਆਧਾਰ ਖਰੀਦਦਾਰ, ਮਜ਼ਦੂਰ, ਖਪਤਕਾਰ ਸਭ ਦੇ ਸ਼ੋਸ਼ਣ 'ਤੇ ਖੜ੍ਹਾ ਹੈ। ਇਸ ਵਿੱਚ, ਸਿਰਫ ਵੱਡੀ $©3 ਨੂੰ ਬਾਕੀ ਸਾਰੇ ਹਿੱਸੇਦਾਰਾਂ ਦੀ ਕੀਮਤ 'ਤੇ ਅਸਧਾਰਨ ਲਾਭ ਮਿਲਦਾ ਹੈ। ਜੇਕਰ ਦੇਖਿਆ ਜਾਵੇ ਤਾਂ ਇਹ ਹਾਲਾਤ ਬਹੁਕੌਮੀ ਕੰਪਨੀਆਂ ਨੇ ਹੀ ਪੈਦਾ ਕੀਤੇ ਹਨ। ਪਦਾਰਥ-ਅਧਾਰਿਤ ਬਣਤਰਾਂ ਦਾ ਪੇਂਡੂ ਖੇਤਰਾਂ ਵਿੱਚ ਖੇਤੀਬਾੜੀ ਪ੍ਰਣਾਲੀ, ਸਮਾਜਿਕ ਅਤੇ ਆਰਥਿਕ ਸਥਿਤੀਆਂ 'ਤੇ ਪ੍ਰਭਾਵ ਪੈਂਦਾ ਹੈ ।ਆਰਥਿਕ ਲੈਂਡਸਕੇਪ 'ਤੇ ਤਬਾਹੀ ਮਚਾ ਰਹੀ ਹੈ। ਵਿਸ਼ਵੀਕਰਨ ਦੇ ਇਸ ਦੌਰ ਵਿੱਚ ਖੇਤੀ ਦਾ ਵਪਾਰੀਕਰਨ ਹੋਣਾ ਚਾਹੀਦਾ ਹੈ, ਪਰ ਖੇਤੀ ਆਰਥਿਕਤਾ ਪੇਂਡੂ ਪਰਿਵਾਰਾਂ ਨੂੰ ਨੁਕਸਾਨ ਪਹੁੰਚਾਏ ਬਿਨਾਂ। ਇਸ ਦਿਸ਼ਾ ਵਿੱਚ ਸਾਨੂੰ ਕੁਦਰਤੀ ਖੇਤੀ 'ਤੇ ਜ਼ੋਰ ਦੇਣਾ ਪਵੇਗਾ। ਕਿਸਾਨਾਂ ਦੀ ਆਮਦਨ ਚੰਗੀ ਹੋਣੀ ਚਾਹੀਦੀ ਹੈ। ਮੱਛੀ ਪਾਲਣ, ਭੇਡ-ਪਾਲਣ, ਮੁਰਗੀ-ਪਾਲਣ, ਗੁੜ-ਨਿਰਮਾਣ, ਮਧੂ-ਮੱਖੀ ਪਾਲਣ ਵਰਗੇ ਘਰੇਲੂ ਉਤਪਾਦਾਂ ਨੂੰ ਘੱਟ ਕੀਮਤ 'ਤੇ ਖੇਤੀ ਬੀਜਾਂ ਦੇ ਵਧੀਆ ਪ੍ਰਬੰਧ ਵਿੱਚ ਰੱਖਣਾ ਹੋਵੇਗਾ, ਤਾਂ ਜੋ ਕਿਸਾਨਾਂ ਨੂੰ ਵੱਧ ਮੁਨਾਫ਼ਾ ਮਿਲ ਸਕੇ। ਛੋਟੇ ਸਵੈ-ਰੁਜ਼ਗਾਰ ਨੂੰ ਹੋਰ ਉਤਸ਼ਾਹਿਤ ਕਰਨਾ ਹੋਵੇਗਾ। ਪੱਛਮੀ ਬੰਗਾਲ, ਕੇਰਲਾਗੁਜਰਾਤ, ਮਹਾਰਾਸ਼ਟਰ, ਰਾਜਸਥਾਨ, ਹਰਿਆਣਾ, ਉੱਤਰ ਪ੍ਰਦੇਸ਼, ਬਿਹਾਰ ਆਦਿ ਰਾਜਾਂ ਵਿੱਚ ਪੇਂਡੂ ਪਰਿਵਾਰਾਂ ਦੀ ਆਰਥਿਕਤਾ ਘਰੇਲੂ ਉਤਪਾਦਾਂ ਉੱਤੇ ਹੀ ਟਿਕੀ ਹੋਈ ਹੈ। ਪਰ ਵਿਸ਼ਵੀਕਰਨ ਦੇ ਇਸ ਦੌਰ ਵਿੱਚ ਇੱਥੋਂ ਦੇ ਕਿਸਾਨ ਬੇਜ਼ਮੀਨੇ ਮਜ਼ਦੂਰ ਬਣਨ ਲਈ ਮਜਬੂਰ ਹੋ ਰਹੇ ਹਨ। ਭੋਜਨ ਦੀ ਅਸੁਰੱਖਿਆ ਅਤੇ ਪੇਂਡੂ ਆਰਥਿਕਤਾ ਵਿੱਚ ਗਿਰਾਵਟ ਉਨ੍ਹਾਂ ਦੀਆਂ ਮੁੱਖ ਸਮੱਸਿਆਵਾਂ ਬਣ ਰਹੀਆਂ ਹਨ। ਪੇਂਡੂ ਆਰਥਿਕਤਾ ਦੇ ਸੰਦਰਭ ਵਿੱਚ ਕਿਸਾਨ ਮੰਡੀਆਂ ਦਾ ਨੁਕਸਾਨ ਹੁੰਦਾ ਜਾ ਰਿਹਾ ਹੈ। ਪਹਿਲਾਂ ਪਰਿਵਾਰ ਉਤਪਾਦਨ ਦਾ ਕੇਂਦਰ ਹੁੰਦਾ ਸੀ। ਇੱਕੋ ਪਰਿਵਾਰ ਦੇ ਮੈਂਬਰ ਵੱਖ-ਵੱਖ ਤਰ੍ਹਾਂ ਦੇ ਕੰਮ ਕਰਦੇ ਹਨਕੁਝ ਚੀਥੀਆਂ ਤੋਂ ਖੰਚੀ ਬਣਾਉਂਦੇ ਸਨ ਅਤੇ ਕੁਝ ਸੂਤ ਕੱਤਦੇ ਸਨ। ਇਸ ਤੋਂ ਇਲਾਵਾ ਕਈ ਪਰਿਵਾਰ ਆਪਣੇ ਵਿਹਲੇ ਸਮੇਂ ਵਿੱਚ ਖੇਤੀਬਾੜੀ ਤੋਂ ਇਲਾਵਾ ਕੁਟੀਰ ਉਦਯੋਗ ਦਾ ਧੰਦਾ ਵੀ ਕਰਦੇ ਸਨ। ਹੁਣ ਪੇਂਡੂ ਪਰਿਵਾਰ ਉਤਪਾਦਨ ਦਾ ਕੇਂਦਰ ਨਹੀਂ ਰਿਹਾ। ਉਚਿਤ ਆਰਥਿਕਤਾ ਦਾ ਸੰਕਲਪ ਹੁਣ ਇੱਥੇ ਨਜ਼ਰ ਨਹੀਂ ਆਉਂਦਾ। ਜ਼ਿਆਦਾਤਰ ਲੋਕ ਸੰਕਟ ਦੀ ਸਥਿਤੀ ਵਿਚ ਜੀਅ ਰਹੇ ਹਨ। ਉਹ ਸਿਰਫ਼ ਜੀਅ ਰਹੇ ਹਨ, ਸਹੀ ਜੀਵਨ ਨਹੀਂ ਜੀ ਰਹੇ। ਅਸਲ ਵਿੱਚ ਪੇਂਡੂ ਖੇਤਰਾਂ ਵਿੱਚ ਸ਼ਹਿਰੀ ਆਰਥਿਕਤਾ ਵਧੀ ਹੈ, ਜਿਸ ਕਾਰਨ ਰੋਜ਼ੀ-ਰੋਟੀ ਦੇ ਮੌਕੇ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਪੇਂਡੂ ਅਤੇਸ਼ਹਿਰ ਅਤੇ ਸ਼ਹਿਰੀ ਆਰਥਿਕਤਾ ਦੇ ਆਪਸੀ ਸਬੰਧਾਂ ਨੇ ਕਈ ਹੋਰ ਕਿੱਤਿਆਂ ਨੂੰ ਜਨਮ ਦਿੱਤਾ ਹੈ। ਪੇਂਡੂ ਪਰਿਵਾਰਾਂ ਦੀ ਆਰਥਿਕਤਾ ਦਾ ਸਰਬਪੱਖੀ ਵਿਕਾਸ ਖੇਤੀ ਜਿਣਸਾਂ ਅਤੇ ਉਦਯੋਗਿਕ ਵਸਤਾਂ ਦੀਆਂ ਕੀਮਤਾਂ ਵਿੱਚ ਤਾਲਮੇਲ ਕਰਕੇ ਹੀ ਕੀਤਾ ਜਾ ਸਕਦਾ ਹੈ।

## ਬਿਨਾਂ ਕੱਪੜਿਆਂ ਦੇ ਸਕੂਟੀ ਤੇ ਜਾ ਰਹੀ ਸੀ ਔਰਤ, ਪੁਲਿਸ ਨੇ ਕੀਤਾ ਗ੍ਰਿਫ਼ਤਾਰ ਤਾਂ ਕੀਤਾ ਹੰਗਾਮਾ

**ਬ੍ਰਾਜ਼ੀਲ/ਲੋਕ ਬਾਣੀ**



ਇੱਕ ਔਰਤ ਨੇ ਹੱਦ ਪਾਰ ਕੀਤੀ। ਇਹ ਔਰਤ ਬਿਨਾਂ ਕੱਪੜਿਆਂ ਦੇ ਆਪਣੇ ਸਕੂਟਰ ਨਾਲ ਬੀਚ 'ਤੇ ਦੌੜ ਰਹੀ ਸੀ। ਇਸ ਤੋਂ ਬਾਅਦ ਜਦੋਂ ਪੁਲਸ ਉਥੇ ਪਹੁੰਚੀ ਤਾਂ ਔਰਤ ਨੇ ਪੁਲਸ ਨਾਲ ਬਦਸਲੂਕੀ ਕੀਤੀ। ਆਖਰਕਾਰ ਉਹ ਫੜਿਆ ਗਿਆ।

ਦਰਅਸਲ, ਇਹ ਘਟਨਾ ਬ੍ਰਾਜ਼ੀਲ ਦੇ ਦੱਖਣ-ਪੂਰਬੀ ਰਾਜ ਐਸਪੀਰੀਟੋ ਸੈਂਟੋ ਦੀ ਹੈ। ਡੇਲੀ ਸਟਾਰ ਦੀ ਰਿਪੋਰਟ ਮੁਤਾਬਕ ਇਹ ਘਟਨਾ ਰਾਜਧਾਨੀ ਵਿਲਾ ਵੇਲਾ ਤੋਂ ਵਿਟੋਰੀਆ ਜਾਣ ਵਾਲੀ ਸੜਕ 'ਤੇ ਵਾਪਰੀ। ਰਿਪੋਰਟ ਮੁਤਾਬਕ ਜਦੋਂ ਕੁਝ ਲੋਕਾਂ ਨੇ ਔਰਤ ਨੂੰ ਦੇਖਿਆ ਤਾਂ ਉਨ੍ਹਾਂ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਉਹ ਕੀ ਕਰੇ ਕਿਉਂਕਿ ਔਰਤ ਆਪਣੇ ਸਕੂਟਰ ਨਾਲ ਬਹੁਤ ਤੇਜ਼ ਦੌੜ ਰਹੀ ਸੀ।

ਇਸ ਤੋਂ ਬਾਅਦ ਜਦੋਂ ਕੁਝ ਲੋਕਾਂ ਨੇ ਮਹਿਲਾ ਨੂੰ ਚੌਰਾਹੇ 'ਤੇ ਦੇਖਿਆ ਤਾਂ ਪੁਲਸ ਨੂੰ ਸੂਚਨਾ ਦਿੱਤੀ ਗਈ। ਪੁਲੀਸ ਨੇ ਉਸ ਦੀ ਕਾਰ ਸਮੇਤ ਔਰਤ ਦਾ ਪਿੱਛਾ ਕਰਕੇ ਉਸ ਨੂੰ ਰੋਕ ਲਿਆ। ਜਦੋਂ ਪੁਲਿਸ ਨੇ ਔਰਤ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਔਰਤ ਪੁਲਿਸ ਵਾਲਿਆਂ ਨੂੰ ਧੱਕਾ ਦੇ ਕੇ ਭੱਜ ਗਈ। ਇਸ ਤੋਂ ਬਾਅਦ ਔਰਤ ਨੂੰ ਫਿਰ ਫੜ ਲਿਆ ਗਿਆ, ਜਿਸ ਦੌਰਾਨ ਔਰਤ 'ਤੇ ਕੁਝ ਕੱਪੜੇ ਵੀ ਪਾਏ ਗਏ।

ਦੱਸਿਆ ਜਾ ਰਿਹਾ ਹੈ ਕਿ ਇਸ ਦੌਰਾਨ ਪੁਲਸ ਲੋਕਾਂ ਨਾਲ ਧੱਕਾ ਕਰ ਰਹੀ ਸੀ। ਆਖਰਕਾਰ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਉਸ ਦੀ ਮਾਨਸਿਕ ਸਥਿਤੀ ਦੀ ਜਾਂਚ ਕੀਤੀ ਜਾ ਰਹੀ ਹੈ। ਕਿਹਾ ਜਾ ਰਿਹਾ ਹੈ ਕਿ ਇਸ ਗੱਲ ਦੀ ਪੁਸ਼ਟੀ ਨਹੀਂ ਹੋ ਸਕੀ ਹੈ ਕਿ ਔਰਤ ਨੇ ਅਜਿਹਾ ਕਿਉਂ ਕੀਤਾ। ਕੀ ਉਹ ਕਿਸੇ ਪ੍ਰਦਰਸ਼ਨ ਜਾਂ ਕਿਸੇ ਚੀਜ਼ ਦੇ ਵਿਰੋਧ ਵਿੱਚ ਹਿੱਸਾ ਲੈਣ ਜਾ ਰਹੀ ਸੀ? ਪੁਲਿਸ ਨੇ ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਹੈ।

## 20 ਨੂੰ ਅੱਡਾ ਗਾਹਲੜੀ 'ਚ ਫ੍ਰੀ ਮੈਡੀਕਲ ਕੈਂਪ ਲਗਾਇਆ ਜਾਵੇਗਾ

**ਦੋਰਾਂਗਲਾ/ਰਾਕੇਸ਼ ਜੀਵਨ ਚੱਕ**

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਅੱਡਾ ਗਾਹਲੜੀ ਚ ਫ ?ਰੀ ਮੈਡੀਕਲ ਕੈਂਪ ਲਗਾਇਆ ਦਾ ਰਿਹਾ ਹੈ । ਇਸ ਕੈਂਪ ਸਬੰਧੀ ਜਾਣਕਾਰੀ ਡਾ ਸੁਮੇਸ਼ ਮਹਾਜਨ ਅਤੇ




ਮਿਸਿਜ ਡਾਕਟਰ ਨੀਰਜ ਮਹਾਜਨ ਵੱਲੋਂ ਸਾਂਝੇ ਤੌਰ ਤੇ ਦਿੰਦੇ ਹੋਏ ਦੱਸਿਆ ਕਿ ਉਹ ਆਪਣੇ ਬੇਟੇ ਦੇ ਜਨਮਦਿਨ ਤੇ ਹਰ ਸਾਲ ਅੱਡਾ ਗਾਹਲੜੀ ਚ ਫ ?ਰੀ ਮੈਡੀਕਲ ਕੈਂਪ ਲਗਾਉਦੇ ਹਨ , ਇਸੇ ਕੜੀ ਤਹਿਤ ਹੀ ਇਸ ਵਾਰ ਵੀ 20 ਫਰਵਰੀ 2023 ਦਿਨ ਸੋਮਵਾਰ ਨੂੰ ਸਵੇਰੇ 10 ਵਜੇ ਤੋਂ ਲੈ ਕੇ ਸਾਮ 4 ਵਜੇ ਤੱਕ ਫਰੀ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਹੈ । ਇਸ ਫਰੀ ਮੈਡੀਕਲ ਕੈਂਪ ਦੌਰਾਨ ਫ ?ਰੀ ਦਵਾਈਆਂ ਦਿੱਤੀਆਂ ਜਾਣਗੀਆਂ । ਇਸ ਤੋਂ ਇਲਾਵਾ ਐਮ ਆਰ ਆਈ ,ਸੀਟੀ ਸਕੈਨ, ਅਲਟਰਾਸਾਉਂਡ 50% ਰੇਟਾਂ ਤੇ ਕਰਵਾਏ ਜਾਣਗੇ ਅਤੇ ਸ਼ੂਗਰ ਦੀ ਬਿਮਾਰੀ ਲਈ ਇਨਸੂਲੀਨ ਦੇ ਪੌਂਦੇ ਵੀ ਫਰੀ ਦਿੱਤੇ ਜਾਣਗੇ । ਉਹਨਾਂ ਸਮੂਹ ਇਲਾਕੇ ਦੇ ਲੋਕਾਂ ਨੂੰ ਬੇਨਤੀ ਕੀਤੀ ਕਿ ਉਹ ਇਸ ਫ ?ਰੀ ਮੈਡੀਕਲ ਕੈਂਪ ਦਾ ਲਾਹਾ ਲੈਣ।

## ਘਰ ਦੇ ਬਾਹਰ ਲੱਗੀ ਸਕੋਰਪੀਉ ਗੱਡੀ ਹੋਈ ਚੋਰੀ, ਮਾਮਲਾ ਦਰਜ

**ਲੁਧਿਆਣਾ/ਰਾਜੂ ਵਾਲੀਆ**

ਥਾਣਾ ਪੀਏਯੂ ਦੇ ਅਧੀਨ ਆਉਂਦੇ ਖੇਤਰ ਹੰਬੜਾਂ ਰੋਡ ਵਿਖੇ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਘਰ ਦੇ ਬਾਹਰ ਲੱਗੀ ਸਕੋਰਪੀਉ ਗੱਡੀ ਚੋਰੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਰਾਜੀਵ ਕੁਮਾਰ ਵਾਸੀ ਇਲਾਹੀ ਖੁਰਦ ਹੰਬੜਾ ਰੋਡ ਨੇ ਦੱਸਿਆ ਕਿ 16 ਫਰਵਰੀ ਦੀ ਰਾਤ ਨੂੰ ਉਹ ਆਪਣੀ ਗੱਡੀ ਸਕਾਰਪਿਉ ਨੰਬਰ ਐਚ ਪੀ - 20-ਬੀ -3737 ਆਪਣੇ ਘਰ ਦੇ ਬਾਹਰ ਲਾਕ ਲਗਾ ਕੇ ਖੜੀ ਕੀਤੀ ਸੀ। ਅਤੇ ਜਦੋਂ ਓਨਾ ਨੇ ਸਵੇਰੇ ਉੱਠ ਕੇ ਦੇਖਿਆ ਤਾਂ ਗੱਡੀ ਘਰ ਦੇ ਬਾਹਰ ਨਹੀ ਸੀ। ਜਿਸਨੂੰ ਕੋਈ ਅਣਪਛਾਤੇ ਵਿਅਕਤੀ ਚੋਰੀ ਕਰਕੇ ਲੈ ਗਏ ਹਨ ਇਸ ਸਬੰਧੀ ਉਨ੍ਹਾਂ ਨੇ ਥਾਣਾ ਪੀਏਯੂ ਦੇ ਸਬ ਇੰਸਪੈਕਟਰ ਬਲਵਿੰਦਰ ਸਿੰਘ ਨੂੰ ਸੂਚਿਤ ਕੀਤਾ ਜਾਣਕਾਰੀ ਮਿਲਦਿਆਂ ਪੁਲਿਸ ਵੱਲੋਂ ਅਣਪਛਾਤੇ ਵਿਅਕਤੀਆਂ ਖਿਲਾਫ ਧਾਰਾ 379 ਆਈ ਪੀ ਸੀ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ।

## ਵਰ੍ਹੇਗੰਢ ਮੁਬਾਰਕ



ਰਣਬੀਰ ਸਿੰਘ ਪ੍ਰਿੰਸ ਤੇ ਬਲਜੀਤ ਕੌਰ ਸ਼ਾਹਪੁਰ ਕਲਾਂ ਆਫ਼ਸਰ ਕਾਲੋਨੀ ਸੰਗਰੂਰ ਨੂੰ ਵਿਆਹ ਦੀ 17ਵੀਂ ਵਰ੍ਹੇਗੰਢ ਮੁਬਾਰਕ।

# ਨਸ਼ੇ ਵਿਚ ਟੱਲੀ ਆਪ ਨੇਤਾ ਨੇ ਗੱਡੀ ਤੇ ਚੜ ਕੇ ਪਾਇਆ ਭੰਗੜਾ, ਵੀਡਿਓ ਵਾਇਰਲ



**ਹੁਸ਼ਿਆਰਪੁਰ/ਲੋਕ ਬਾਣੀ**

ਹੁਸ਼ਿਆਰਪੁਰ ਨਗਰ ਨਿਗਮ ਦੀ ਇੱਕ video viral ਹੋ ਰਹੀ ਹੈ ਜਿਸ ਵਿਚ ਗੱਡੀ ਤੇ ਚੜ ਕੇ ਕੁਝ ਨੌਜਵਾਨ ਭੰਗੜਾ ਪਾ ਰਹੇ ਹਨ ਤੇ ਇਨ੍ਹਾਂ ਚੋਂ ਇੱਕ ਨੌਜਵਾਨ ਜਿਸਨੇ ਨੀਲੀ ਟੀ-ਸ਼ਰਟ ਪਈ ਹੋਈ ਹੈ ਆਮ ਆਦਮੀ ਪਾਰਟੀ ਦਾ ਕੌਂਸਲਰ ਹੈ ਹਾਲਾਂਕਿ ਉਸ ਵਲੋਂ ਅਜਿਹਾ ਕਿਉਂ ਕੀਤਾ ਗਿਆ ਹੈ ਇਸ ਬਾਰੇ ਕੁਝ ਵੀ ਪਤਾ ਨਹੀ ਲਗਿਆ, ਪਰ ਜਦੋਂ ਕੌਂਸਲਰ ਸਾਹਿਬ ਨਾਲ ਇਸ ਬਾਰੇ ਗੱਲ ਕੀਤੀ ਤਾਂ ਉਹਨਾਂ ਨੇ ਕਿਹਾ ਕਿ ਨਿਗਮ ਆਪਣਾ ਹੀ ਹੈ ਅਤੇ ਇਸ ਸਬ ਨੂੰ ਜਿੰਦਗੀ ਦਾ ਇੰਜੋਏ ਦੱਸਿਆ।

# ਪੁਲਿਸ ਹੈੱਡਕੁਆਰਟਰ 'ਤੇ ਹਮਲਾ, 4 ਦੀ ਮੌਤ, 19 ਜ਼ਖਮੀ



**ਇਸਲਾਮਾਬਾਦ/ਲੋਕ ਬਾਣੀ**

ਪਾਕਿਸਤਾਨ ਦੇ ਕਰਾਚੀ 'ਚ ਸ਼ੁੱਕਰਵਾਰ ਸ਼ਾਮ ਨੂੰ ਅੱਤਵਾਦੀਆਂ ਨੇ ਪੁਲਿਸ ਹੈੱਡਕੁਆਰਟਰ 'ਤੇ ਹਮਲਾ ਕੀਤਾ। ਇਸ ਹਮਲੇ 'ਚ 4 ਲੋਕਾਂ ਦੀ ਮੌਤ ਹੋ ਗਈ, ਜਦਕਿ 19 ਦੇ ਕਰੀਬ ਲੋਕ ਜ਼ਖਮੀ ਦੱਸੇ ਜਾ ਰਹੇ ਹਨ। ਇਹ ਅੰਕੜਾ ਵੀ ਵਧ ਸਕਦਾ ਹੈ। ਹਾਲਾਂਕਿ ਰਾਤ ਕਰੀਬ 10:35 ਵਜੇ ਪੁਲਿਸ ਅਤੇ ਸੁਰੱਖਿਆ ਬਲਾਂ ਨੇ ਪੁਲਿਸ ਹੈੱਡਕੁਆਰਟਰ ਨੂੰ ਅੱਤਵਾਦੀਆਂ ਤੋਂ ਖਾਲੀ ਕਰਵਾ ਲਿਆ। ਪੁਲਿਸ ਨੇ ਤਿੰਨ ਅੱਤਵਾਦੀਆਂ ਨੂੰ ਮਾਰ ਦਿੱਤਾ ਅਤੇ ਇਮਾਰਤ 'ਤੇ ਮੁੜ ਕਬਜ਼ਾ ਕਰ ਲਿਆ। ਸਿੰਧ ਸਰਕਾਰ ਦੇ ਬੁਲਾਰੇ ਮੁਰਤਜ਼ਾ ਵਹਾਬ ਨੇ ਰਾਤ 10:42 'ਤੇ ਟਵਿੱਟਰ 'ਤੇ ਲਿਖਿਆ, "ਮੈਂ ਹੁਣ ਪੁਸ਼ਟੀ ਕਰ ਸਕਦਾ ਹਾਂ ਕਿ ਕਰਾਚੀ ਪੁਲਿਸ ਦਫਤਰ (ਕੇ. ਪੀ. ਓ.) ਦੀ ਇਮਾਰਤ ਨੂੰ ਅੱਤਵਾਦੀਆਂ ਤੋਂ ਮੁਕਤ ਕਰ ਦਿੱਤਾ ਗਿਆ ਹੈ। ਸਾਡੇ ਜਵਾਨਾਂ ਨੇ ਤਿੰਨ ਅੱਤਵਾਦੀਆਂ ਨੂੰ ਮਾਰ ਦਿੱਤਾ ਹੈ। "ਜੀਓ ਨਿਊਜ਼ ਨਾਲ ਵੱਖਰੇ ਤੌਰ 'ਤੇ ਗੱਲ ਕਰਦੇ ਹੋਏ ਉਨ੍ਹਾਂ ਨੇ ਦੁਹਰਾਇਆ। ਕਿ ਇਮਾਰਤ ਨੂੰ ਸੁਰੱਖਿਅਤ ਕੀਤਾ ਗਿਆ ਹੈ।

# ਕੇਂਦਰੀ ਜੇਲ੍ਹ ਅੰਦਰ ਕੈਦੀਆਂ ਤੋਂ ਤਿੰਨ ਮੋਬਾਈਲ ਫੋਨ ਕੀਤੇ ਬਰਾਮਦ

**ਲੁਧਿਆਣਾ/ਰਾਜੂ ਵਾਲੀਆ**

ਲੁਧਿਆਣਾ ਕੇਂਦਰੀ ਜੇਲ ਵਿੱਚ ਵੱਖ ਵੱਖ ਮਾਮਲਿਆਂ ਦੀ ਸਜ਼ਾ ਕੱਟ ਰਹੇ ਕੈਦੀਆਂ ਤੋਂ 3 ਮੋਬਾਈਲ ਫੋਨ ਬਰਾਮਦ ਕੀਤੇ ਗਏ ਹਨ ਜਿਨ੍ਹਾਂ ਨੇ ਜੇਲ੍ਹ ਅੰਦਰ ਮੋਬਾਈਲ ਫੋਨ ਲਿਆ ਕੇ ਕਾਨੂੰਨ ਦੀ ਉਲੰਘਣਾ ਕੀਤੀ ਹੈ। ਸਹਾਇਕ ਸੁਪਰਡੈਂਟ ਸਰੂਪ ਚੰਦ ਕੇਂਦਰੀ ਜੇਲ੍ਹ ਲੁਧਿ: ਨੇ ਦਸਿਆ ਕਿ ਜੇਲ੍ਹ ਵਿੱਚ ਅਲੱਗ ਅਲੱਗ ਮਾਮਲਿਆਂ ਚ ਸਜ਼ਾ ਕੱਟ ਰਹੇ ਦੋਸ਼ੀ ਗੁਰਦਾਵਰ ਸਿੰਘ,ਹਰਮਿੰਦਰ ਸਿੰਘ,ਗੁਰਦੀਪ ਸਿੰਘ ਅਤੇ ਅਮਨਜੋਤ ਸਿੰਘ ਕੋਲੋਂ ਜੇਲ੍ਹ ਅੰਦਰ ਚੈਕਿੰਗ ਦੋਰਾਨ 3 ਮੋਬਾਇਲ ਫੋਨ ਬ੍ਰਾਮਦ ਹੋਏ ਹਨ। ਜੋ ਉਕਤ ਦੋਸ਼ੀਆਂ ਨੇ ਜੇਲ੍ਹ ਅੰਦਰ ਵਰਜਿਤ ਸਮੱਗਰੀ ਰੱਖ ਕੇ ਜੇਲ੍ਹ ਨਿਯਮਾਂ ਦੀ ਉਲੰਗਣਾਂ ਕੀਤੀ ਹੈ। ਉਨ੍ਹਾਂ ਦੱਸਿਆ ਕਿ ਥਾਣਾ ਡਿਵੀਜ਼ਨ ਨੰਬਰ 7 6 ਦੋਸ਼ੀਆਂ ਖਿਲਾਫ ਧਾਰਾ - 52-ਏ(1)ਐਕਟ ਮਾਮਲਾ ਦਰਜ ਕੀਤਾ ਗਿਆ ਹੈ।

# ਕੈਨੇਡਾ ਚ 1 .18 ਲੱਖ ਭਾਰਤੀਆਂ ਨੂੰ ਮਿਲੇਗੀ ਪੀ .ਆਰ .

**ਓਟਾਵਾ/ਲੋਕ ਬਾਣੀ**

ਇਕ ਲੱਖ 18 ਹਜ਼ਾਰ ਭਾਰਤੀਆਂ ਨੇ ਪਿਛਲੇ ਸਾਲ ਕੈਨੇਡਾ ਨੂੰ ਆਪਣਾ ਨਵਾਂ ਘਰ ਬਣਾਇਆ ਅਤੇ ਦੁਨੀਆਂ ਦਾ ਕੋਈ ਵੀ ਮੁਲਕ ਇਸ ਮਾਮਲੇ ਵਿਚ ਭਾਰਤ ਦੀ ਬਰਾਬਰੀ ਨਾ ਕਰ ਸਕਿਆ। ਇੰਮੀਗ੍ਰੇਸ਼ਨ ਵਿਭਾਗ ਵੱਲੋਂ 2022 ਵਿਚ ਪੀ.ਆਰ. ਹਾਸਲ ਕਰਨ ਵਾਲੇ 437,120 ਪ੍ਰਵਾਸੀਆਂ ਦੇ ਜੱਦੀ ਮੁਲਕਾਂ ਨਾਲ ਸਬੰਧਤ ਵੇਰਵੇ ਜਨਤਕ ਕੀਤੇ ਗਏ ਹਨ ਅਤੇ ਇਹ ਵੀ ਦੱਸਿਆ ਗਿਆ ਹੈ ਕਿ ਪ੍ਰਵਾਸੀਆਂ ਨੇ ਕਿਹੜੇ ਕੈਨੇਡੀਅਨ ਸੂਬੇ ਨੂੰ ਆਪਣੀ ਰਿਹਾਇਸ਼ ਵਜੋਂ ਚੁਣਿਆ।




# ਸਾਬਕਾ CM ਚੰਨੀ ਨੇ ਦਸਤਾਰ 'ਤੇ ਪਾਈ ਟੋਪੀ : ਸਿੱਖ ਜਗਤ ਚ ਭਾਰੀ ਰੋਸ



**ਚੰਡੀਗੜ੍ਹ/ਵਿਨੋਦ ਸ਼ਰਮਾ**

ਸਾਬਕਾ ਸੀਐਮ ਚਰਨਜੀਤ ਸਿੰਘ ਚੰਨੀ ਇੱਕ ਵਾਰ ਫਿਰ ਸੁਰਖੀਆਂ ਵਿੱਚ ਹਨ। ਇਸ ਵਾਰ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਕਾਰਨ ਉਨ੍ਹਾਂ ਨਾਲ ਵਿਵਾਦ ਹੋਇਆ ਹੈ। ਦਰਅਸਲ ਚੰਨੀ ਹਾਲ ਹੀ 'ਚ ਹਿਮਾਚਲ ਪ੍ਰਦੇਸ਼ ਦੇ ਦੌਰੇ 'ਤੇ ਸਨ ਇੱਥੇ ਉਨ੍ਹਾਂ ਨੇ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਮੁੱਖ ਮੰਤਰੀ ਸੁੱਖੂ ਨੇ ਚੰਨੀ ਨੂੰ ਸ਼ਾਲ ਅਤੇ ਟੋਪੀ ਪਹਿਨਾਈ। ਪਰ ਚੰਨੀ ਨੇ ਦਸਤਾਰ ਉਪਰ ਹਿਮਾਚਲੀ ਟੋਪੀ ਪਾ ਦਿੱਤੀ। ਇਸ ਤੋਂ ਬਾਅਦ ਮਾਮਲੇ ਨੇ ਧਾਰਮਿਕ ਰੰਗ ਲੈ ਲਿਆ ਅਤੇ ਸਿੱਖ ਜਥੇਬੰਦੀਆਂ ਨੇ ਆਪਣਾ ਵਿਰੋਧ ਅਤੇ ਇਤਰਾਜ਼ ਪ੍ਰਗਟਾਉਣਾ ਸ਼ੁਰੂ ਕਰ ਦਿੱਤਾ। ਚਰਨਜੀਤ ਸਿੰਘ ਚੰਨੀ ਦੀ ਦਸਤਾਰ 'ਤੇ ਹਿਮਾਚਲੀ ਟੋਪੀ ਲਗਾਉਣ ਦੇ ਇਸ ਮਾਮਲੇ ਨੂੰ ਲੈ ਕੇ ਸਿੱਖ ਜਥੇਬੰਦੀਆਂ ਵੱਲੋਂ ਵਿਰੋਧ ਲਗਾਤਾਰ ਤਿੱਖਾ ਹੁੰਦਾ ਜਾ ਰਿਹਾ ਹੈ। ਚੰਨੀ ਦੀ ਇੱਕ ਕਥਿਤ ਆਡੀਓ ਰਿਕਾਰਡਿੰਗ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ।

# ਮੁੱਖ ਮੰਤਰੀ ਨੇ ਮਹਾ ਸ਼ਿਵਰਾਤਰੀ ਦੇ ਤਿਉਹਾਰ 'ਤੇ ਸ੍ਰੀ ਦੇਵੀ ਤਲਾਬ ਮੰਦਰ ਵਿਖੇ ਮੱਥਾ ਟੇਕਿਆ



**ਚੰਡੀਗੜ੍ਹ/ਵਿਨੋਦ ਸ਼ਰਮਾ**

ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਸ਼ਕਤੀਪੀਠ ਸ੍ਰੀ ਦੇਵੀ ਤਲਾਬ ਮੰਦਰ ਅਤੇ ਸ੍ਰੀ ਮਹਾਂ ਲਕਸ਼ਮੀ ਮੰਦਰ ਵਿਖੇ ਮੱਥਾ ਟੇਕ ਕੇ ਸੂਬੇ ਦੀ ਸ਼ਾਂਤੀ, ਤਰੱਕੀ ਅਤੇ ਖੁਸ਼ਹਾਲੀ ਲਈ ਅਰਦਾਸ ਕੀਤੀ। ਅੱਜ ਬਾਅਦ ਦੁਪਹਿਰ ਮੰਦਰਾਂ ਵਿੱਚ ਮੱਥਾ ਟੇਕਣ ਪੁੱਜੇ ਮੁੱਖ ਮੰਤਰੀ ਨੇ ਮਹਾ ਸ਼ਿਵਰਾਤਰੀ ਦੇ ਤਿਉਹਾਰ 'ਤੇ ਲੋਕਾਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ।

# ਅਧਿਆਪਕਾਂ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਅੱਗੇ ਜ਼ਬਰਦਸਤ ਪ੍ਰਦਰਸ਼ਨ, ਪੁਲਿਸ ਵਲੋਂ ਲਾਠੀਚਾਰਜ

**ਸੰਗਰੂਰ/ਲੋਕ ਬਾਣੀ**

ਸੰਗਰੂਰ ਵਿਖੇ 4161 ਮਾਸਟਰ ਕੇਡਰ ਅਧਿਆਪਕਾਂ ਵੱਲੋਂ ਸਟੇਸ਼ਨਾਂ ਦੀ ਮੰਗ ਨੂੰ ਲੈਕੇ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਅੱਗੇ ਜ਼ਬਰਦਸਤ ਪ੍ਰਦਰਸ਼ਨ ਕੀਤਾ ਗਿਆ। ਅੱਜ ਸਵੇਰੇ ਹੀ ਇੱਥੇ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਲਾਗੇ ਹੀ ਸਥਾਨਕ ਵੇਰਕਾ ਮਿਲਕ ਪਲਾਂਟ ਵਿੱਚ ਪੰਜਾਬ ਭਰ ਵਿੱਚੋਂ ਇੱਕਤਰ ਹੋਏ ਅਧਿਆਪਕਾਂ ਨੇ ਆਪਣੇ ਸਟੇਸ਼ਨ ਅਲਾਟ ਕਰਨ ਦੀ ਮੰਗ ਨੂੰ ਲੈ ਕੇ ਸੂਬਾ ਪੱਧਰੀ ਰੋਸ ਰੈਲੀ ਕੀਤੀ ਗਈ। ਇਸ ਰੋਸ ਰੈਲੀ ਕਰਨ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਤੱਕ ਰੋਸ ਮਾਰਚ ਕੀਤਾ ਗਿਆ। ਜਦੋਂ ਹੀ



ਇਹ ਬੇਰੁਜ਼ਗਾਰ ਅਧਿਆਪਕ ਬੈਰੀਕੇਟਾਂ ਵੱਲ ਵਧਣ ਲੱਗੇ ਤਾਂ ਪੁਲਸ ਵੱਲੋਂ ਜ਼ਬਰਦਸਤ ਲਾਠੀਚਾਰਜ ਕੀਤਾ ਗਿਆ। ਜਿਸ ਵਿੱਚ ਗੁਰਮੁੱਖ ਸਿੰਘ ਕੋਟਭਾਈ ਜ਼ਿਲ੍ਹਾ ਮੁਕਤਸਰ, ਸੰਦੀਪ ਗਿੱਲ ਬਰਨਾਲਾ ਅਤੇ ਬਲਬੀਰ ਸਿੰਘ ਆਦਿ ਦੇ ਸੱਟਾਂ ਲੱਗੀਆਂ ਅਤੇ ਇਨ੍ਹਾਂ ਅਧਿਆਪਕਾਂ ਦੀਆਂ ਪੱਗਾਂ ਤੱਕ ਉੱਤਰ ਗਈਆਂ। ਪੁਲਿਸ ਵੱਲੋਂ ਮਹਿਲਾ ਅਧਿਆਪਕਾਂ ਤੱਕ ਨੂੰ ਵੀ ਨਹੀਂ ਬਖਸ਼ਿਆ ਗਿਆ। ਲਾਠੀਚਾਰਜ਼ ਕਰਨ ਤੋਂ ਬਾਅਦ ਇਹਨਾਂ ਅਧਿਆਪਕਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਅੱਗੇ ਨੈਸ਼ਨਲ ਹਾਈਵੇ ਜਾਮ ਕਰਕੇ ਉੱਥੇ ਹੀ ਧਰਨਾ ਲਗਾ ਦਿੱਤਾ ਗਿਆ।

## ਅੰਮ੍ਰਿਤਪਾਲ ਨੇ ਪੁਲਿਸ ਨੂੰ ਕੀਤਾ ਚੈਲੰਜ -ਕਿਹਾ, ਭੱਜਦਿਆਂ ਨੂੰ ਵਾਹਣ ਇਕੋ ਜਿਹੇ !

**ਚੰਡੀਗੜ੍ਹ/ਵਿਨੋਦ ਸ਼ਰਮਾ**

ਪੁਲਿਸ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਦੀ ਗ੍ਰਿਫਤਾਰੀ ਲਈ ਲਗਾਤਾਰ ਛਾਪੇਮਾਰੀ ਕਰ ਰਹੀ ਹੈ। ਡੀਐਸਪੀ ਅਜਨਾਲਾ ਸੰਜੀਵ ਕੁਮਾਰ ਦੀ ਅਗਵਾਈ ਵਿੱਚ ਗਠਿਤ ਟੀਮਾਂ ਲਗਾਤਾਰ ਮਾਮਲੇ ਦੀ ਜਾਂਚ ਵਿੱਚ ਜੁਟੀਆਂ ਹੋਈਆਂ ਹਨ।

ਉਧਰ, ਗ੍ਰਿਫਤਾਰੀ ਉਤੇ ਅੰਮ੍ਰਿਤਪਾਲ ਸਿੰਘ ਦਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਨੇ ਆਖਿਆ ਹੈ ਕਿ ਪੁਲਿਸ ਉਨ੍ਹਾਂ ਦੇ ਸਾਥਿਆਂ ਨੂੰ ਨਾਜਾਇਜ਼ ਚੁੱਕ ਰਹੀ ਹੈ। ਝੂਠੇ ਪਰਚੇ ਹੇਠ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਆਖਿਆ ਹੈ ਕਿ ਉਹ ਪਹਿਲਾਂ ਵੀ ਆਖ ਚੁੱਕੇ ਹਨ ਕਿ ਉਹ ਕਿਸੇ ਤਰ੍ਹਾਂ ਦਾ ਟਕਰਾਅ ਨਹੀਂ ਚਾਹੁੰਦੇ। ਪਰ ਪੁਲਿਸ ਜਾਣਬੁਝ ਕੇ ਟਕਰਾਅ ਵਾਲੇ ਰਾਹ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਭੱਜਦਿਆਂ ਨੂੰ ਵਾਹਣ ਇਕੋ ਜਿਹੇ ਹੁੰਦੇ ਹਨ। ਉਨ੍ਹਾਂ ਆਖਿਆ ਕਿ ਜੇਕਰ ਸਾਡੇ ਸਿੰਘਾਂ ਨੂੰ ਇਸ ਤਰ੍ਹਾਂ ਇਕੱਲੇ-ਇਕੱਲੇ ਕਰਕੇ ਚੁੱਕਣਾ ਹੈ ਤਾਂ ਫਿਰ ਆਪਾਂ ਇਕ ਵਾਰ ਵੇਖ ਹੀ ਲਈਏ ਇਕੱਠੇ ਹੋ ਕੇ, ਕਿਸ ਭਾਅ ਵਿਕਦੀ ਹੈ। ਕਿਉਂ ਕਿ ਭੱਜਦਿਆਂ ਨੂੰ ਵਾਹਣ ਇਕੋ ਜਿਹੇ ਹੀ ਹੁੰਦੇ ਹਨ। ਉਨ੍ਹਾਂ ਨੇ ਸੰਗਤ ਨੂੰ ਪਿੰਡ ਜੱਲੂਪੁਰ ਖੈੜੇ ਇਕੱਠੇ ਹੋਣ ਦੀ ਅਪੀਲ ਕੀਤੀ ਹੈ।

## ਨਾਮ ਸਿਮਰਨ ਅਭਿਆਸ ਅੱਜ

**ਲੁਧਿਆਣਾ/ਲੋਕ ਬਾਣੀ**

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੁਰੂ ਤੇਗ਼ ਬਹਾਦਰ ਨਗਰ, ਗਲੀ ਨੰਬਰ 2, ਚੰਡੀਗੜ੍ਹ ਰੋਡ, ਲੁਧਿਆਣਾ ਵਿਖੇ ਹਫਤਾਵਾਰੀ ਨਾਮ ਸਿਮਰਨ ਅਭਿਆਸ 19 ਫਰਵਰੀ ਦਿਨ ਐਤਵਾਰ ਨੂੰ ਰਾਤ 7 ਵਜੇ ਤੋਂ 8 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਕਰਨੈਲ ਸਿੰਘ ਤੇ ਖ਼ਜ਼ਾਨਚੀ ਸੁਰਜੀਤ ਸਿੰਘ ਖੁਰਾਣਾ ਵੱਲੋਂ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਵੱਧ ਤੋਂ ਵੱਧ ਹਾਜ਼ਰੀਆਂ ਭਰ ਕੇ ਆਪਣਾ ਜੀਵਨ ਸ.ਫਲ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ।





## ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ 65 ਸਾਲ ਦੇ ਕੈਨੇਡਾ ਨਿਵਾਸੀ ਸ਼ਮਸ਼ੇਰ ਸਿੰਘ ਮਾਹਿਲ ਦੇ ਦੋਵੇਂ ਖਰਾਬ ਗੋਡੇ ਆਧੁਨਿਕ ਤਕਨੀਕ ਨਾਲ ਡਾ. ਰਵਿੰਦਰ ਖਜ਼ੂਰੀਆ ਐਮ.ਐਸ. ਬਦਲੀ ਕੀਤੇ ਗਏ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਬੰਧ ਹੇਠਾਂ ਲੋਕ ਸੇਵਾ ਹਿੱਤ ਚੱਲ ਰਹੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਕੈਨੇਡਾ ਨਿਵਾਸੀ ਸ਼ਮਸ਼ੇਰ ਸਿੰਘ ਦੇ ਦੋਵੇਂ ਗੋਡੇ ਸਫਲਤਾ ਪੂਰਬਕ ਬਦਲੀ ਕੀਤੇ ਗਏ ਹਨ। ਹਸਪਤਾਲ ਢਾਹਾਂ ਕਲੇਰਾਂ ਦੇ ਗੋਡੇ ਅਤੇ ਚੂਲੇ ਬਦਲਣ ਦੇ ਮਾਹਿਰ ਸਰਜਨ ਡਾ. ਰਵਿੰਦਰ ਖਜ਼ੂਰੀਆ ਐਮ.ਐਸ. (ਆਰਥੋ) ਦੀ ਅਗਵਾਈ ਹੇਠ ਨਵੀਂ ਤਕਨੀਕ ਨਾਲ ਅਪਰੇਸ਼ਨ ਕਰਕੇ ਕੈਨੇਡਾ ਨਿਵਾਸੀ ਸ਼ਮਸ਼ੇਰ ਸਿੰਘ ਦੇ ਦੋਵੇਂ ਗੋਡੇ ਇਕੱਠੇ ਸਫਲਤਾ ਪੂਰਬਕ ਬਦਲੀ ਕੀਤੇ ਗਏ। ਇਸ ਵਿਸ਼ੇਸ਼ ਅਪਰੇਸ਼ਨ ਬਾਰੇ ਜਾਣਕਾਰੀ ਦਿੰਦੇ ਡਾ. ਰਵਿੰਦਰ ਖਜ਼ੂਰੀਆ ਐਮ.ਐਸ. ਨੇ ਦੱਸਿਆ ਕਿ ਮਰੀਜ਼ ਕੈਨੇਡਾ ਨਿਵਾਸੀ ਸ਼ਮਸ਼ੇਰ ਸਿੰਘ ਮਾਹਿਲ ਦੇ ਦੋਵੇਂ ਖਰਾਬ ਗੋਡੇ ਬਦਲ ਕੇ ਤੋਂ ਨਵੀਂ ਤਕਨੀਕ ਵਾਲੇ ਗੋਡੇ ਪਾਏ ਗਏ ਹਨ। ਜਦੋ ਸ਼ਮਸ਼ੇਰ ਸਿੰਘ ਮਾਹਿਲ ਆਪਣੀ ਗੋਡਿਆਂ ਦੀ ਤਕਲੀਫ ਨਾਲ ਹਸਪਤਾਲ ਵਿਖੇ ਚੈੱਕਅੱਪ ਕਰਵਾਉਣ ਆਏ ਤਾਂ ਡਿਜੀਟਲ ਐਕਸਰੇ ਅਤੇ ਹੋਰ ਮੈਡੀਕਲ ਜਾਂਚ ਕਰਨ ਉਪਰੰਤ



ਪਾਇਆ ਗਿਆ ਦੋਵੇਂ ਗੋਡੇ ਖਰਾਬ ਹੋ ਚੁੱਕੇ ਹਨ, ਜਿਸ ਕਰਕੇ ਉਹਨਾਂ ਨੂੰ ਬਹੁਤ ਤਕਲੀਫ ਸੀ ਪਰ ਹੁਣ ਗੋਡੇ ਬਦਲੀ ਕਰਨ ਉਪਰੰਤ ਸ਼ਮਸ਼ੇਰ ਸਿੰਘ ਮਾਹਿਲ ਪੂਰੀ ਤਰ੍ਹਾਂ ਤੰਦਰੁਸਤ ਹੋ ਚੁੱਕੇ ਹਨ ਅਤੇ ਹੁਣ ਉਹ ਬਿਨਾਂ ਕਿਸੇ ਸਹਾਇਤਾ ਦੇ ਆਪਣੇ ਆਪ ਉੱਠਣ-ਬੈਠਣ, ਚੱਲਣ ਫਿਰਨ ਤੋਂ ਇਲਾਵਾ ਆਪਣੇ ਰੋਜ਼ਾਨਾ ਦੇ ਕੰਮ ਕਾਰ ਖ਼ੁਦ ਕਰ ਰਹੇ ਹਨ। ਇਸ ਮੌਕੇ ਮਰੀਜ਼ ਸ਼ਮੇਸ਼ਰ ਸਿੰਘ ਨੇ ਖ਼ੁਸ਼ੀ ਭਰੇ ਮਾਹੌਲ ਵਿਚ ਦੱਸਿਆ ਕਿ ਪਿਛਲੇ ਚਾਰ ਪੰਜ ਸਾਲ ਤੋਂ ਉਹ ਗੋਡਿਆਂ ਦੀ ਖਰਾਬੀ ਅਤੇ ਹੁੰਦੀਆਂ ਕਰਕੇ ਬਹੁਤ ਤਕਲੀਫ ਵਿਚ ਸਨ। ਜਦੋਂ ਉਹ ਹਸਪਤਾਲ ਢਾਹਾਂ ਕਲੇਰਾਂ ਵਿਖੇ ਗੋਡੇ ਬਦਲਣ ਦੇ ਮਾਹਿਰ ਡਾ. ਰਵਿੰਦਰ ਖਜ਼ੂਰੀਆ ਐਮ. ਐਸ. ਨੂੰ ਆਪਣੇ ਦੋਵੇਂ ਗੋਡਿਆਂ ਦੀ ਖਰਾਬੀ ਕਰਕੇ ਹੋ ਰਹੀਆਂ ਦਰਦਾਂ ਅਤੇ ਪੇਸ਼ ਆ ਰਹੀਆਂ ਮੁਸ਼ਕਲਾਂ ਬਾਰੇ ਮਿਲੇ ਤਾਂ ਡਾਕਟਰ ਸਾਹਿਬ ਨੇ ਬਹੁਤ ਵਧੀਆ ਚੈੱਕਅੱਪ ਕੀਤਾ ਅਤੇ ਗੋਡਿਆਂ ਦੇ ਸਹੀ ਇਲਾਜ ਬਾਰੇ ਸਮਝਾਇਆ। ਦੋਵੇਂ ਨਵੇਂ ਗੋਡੇ ਪਾਉਣ ਉਪਰੰਤ ਕੈਨੇਡਾ ਨਿਵਾਸੀ ਸ਼ਮਸ਼ੇਰ ਸਿੰਘ ਬਹੁਤ ਖੁਸ਼ ਹੈ।ਇਸ ਮੌਕੇ ਗੱਲਬਾਤ ਕਰਦੇ ਡਾ ਰਵਿੰਦਰ ਖਜ਼ੂਰੀਆ ਐਮ ਐਸ ਨੇ ਕਿਹਾ ਕਿ ਹੁਣ ਖਰਾਬ ਹੋਏ ਗੋਡਿਆਂ ਨੂੰ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਨਵੀਂ ਤਕਨੀਕ ਨਾਲ ਬਿਨਾਂ ਦਰਦ ਵਾਲੇ ਅਪਰੇਸ਼ਨ ਨਾਲ ਅਸਾਨੀ ਨਾਲ ਬਦਲੀ ਕੀਤਾ ਜਾਂਦਾ ਹੈ ਅਤੇ ਅਪਰੇਸ਼ਨ ਬਾਅਦ ਮਰੀਜ਼ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਆਪਣੇ ਰੋਜ਼ਾਨਾ ਦੇ ਕੰਮਕਾਰ ਅਤੇ ਘਰ ਦੇ ਕੰਮ ਕਰ ਸਕਦੇ ਹਨ, ਉਹ ਸਕੂਟਰ, ਮੋਟਰ ਸਾਈਕਲ, ਕਾਰ ਆਦਿ ਵੀ ਅਰਾਮ ਨਾਲ ਚਲਾ ਸਕਦੇ ਹਨ।

ਉਹਨਾਂ ਦੱਸਿਆ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਅਮਰੀਕਨ ਤਕਨੀਕ ਨਾਲ ਖ਼ਰਾਬ ਗੋਡੇ ਅਤੇ ਚੂਲੇ ਬਦਲਣ ਦੇ ਅਪਰੇਸ਼ਨ ਕੀਤੇ ਜਾਂਦੇ ਹਨ ਜਿਸ ਨਾਲ ਮਰੀਜ਼ ਤੀਜੇ ਦਿਨ ਹੀ ਚੱਲਣ ਫਿਰਨ ਲੱਗ ਜਾਂਦਾ ਹੈ। ਹਸਪਤਾਲ ਵਿਖੇ ਫਿਜ਼ੀਥੈਰਾਪੀ ਦੀਆਂ ਵਿਸ਼ੇਸ਼ ਕਸਰਤਾਂ ਨਾਲ ਮਰੀਜ਼ ਤੇਜ਼ੀ ਨਾਲ ਤੰਦਰੁਸਤ ਹੁੰਦਾ ਹੈ। ਹਸਪਤਾਲ ਪ੍ਰਬੰਧਕ ਟਰੱਸਟ ਦੇ ਪ੍ਰਧਾਨ ਹਰਦੇਵ ਸਿੰਘ ਕਾਹਮਾ ਨੇ ਦੱਸਿਆ ਕਿ ਦੇਸ ਵਿਦੇਸ ਦੀਆਂ ਦਾਨੀ ਸੰਗਤਾਂ ਦੇ ਸਹਿਯੋਗ ਨਾਲ ਸਥਾਪਿਤ ਗੁਰੂ ਨਾਨਕ ਮਿਸ਼ਨ ਹਸਤਪਾਲ ਢਾਹਾਂ ਕਲੇਰਾਂ ਬਹੁਤ ਹੀ ਘੱਟ ਖਰਚ ਵਿਚ ਮਰੀਜ਼ਾਂ ਦੇ ਗੋਡੇ ਬਦਲੀ ਕੀਤੇ ਜਾਂਦੇ ਹਨ। ਉਹਨਾਂ ਨੇ ਸਮੂਹ ਟਰੱਸਟ ਮੈਂਬਰਾਂ ਵੱਲੋਂ ਕੈਨੇਡਾ ਨਿਵਾਸੀ ਸ਼ਮਸ਼ੇਰ ਸਿੰਘ ਦੇ ਦੋਵੇਂ ਗੋਡੇ ਬਦਲਣ ਦਾ ਸ਼ਾਨਦਾਰ ਅਪਰੇਸ਼ਨ ਕਰਨ ਲਈ ਡਾਕਟਰ ਰਵਿੰਦਰ ਖਜ਼ੂਰੀਆ ਨੂੰ ਵਧਾਈਆਂ ਦਿੱਤੀਆਂ। ਇਸ ਮੌਕੇ ਕੈਨੇਡਾ ਨਿਵਾਸੀ ਸ਼ਮਸ਼ੇਰ ਸਿੰਘ ਅਤੇ ਉਹਨਾਂ ਦੀ ਧਰਮਪਤਨੀ ਦਲਜੀਤ ਕੌਰ ਮਾਹਿਲ ਨੇ ਗੋਡੇ ਅਤੇ ਚੂਲੇ ਬਦਲਣ ਦੇ ਮਾਹਿਰ ਸਰਜਨ ਡਾ. ਰਵਿੰਦਰ ਖਜ਼ੂਰੀਆ ਐਮ.ਐਸ. (ਆਰਥੋ), ਡਾ. ਰਵੀਨਾ ਫਿਜ਼ੀਉਥੈਰਾਪਿਸਟ ਅਤੇ ਸਮੂਹ ਹਸਪਤਾਲ ਸਟਾਫ ਦਾ ਉਹਨਾਂ ਪਤੀ ਦਾ ਸ਼ਾਨਦਾਰ ਅਪਰੇਸ਼ਨ ਅਤੇ ਸਾਂਭ ਸੰਭਾਲ ਕਰਨ ਕਰਨ ਲਈ ਤਹਿਦਿਲੋਂ ਧੰਨਵਾਦ ਕੀਤਾ। ਇਸ ਮੌਕੇ ਮਲਕੀਅਤ ਸਿੰਘ ਬਾਹੜੋਵਾਲ ਮੀਤ ਪ੍ਰਧਾਨ, ਦਰਸ਼ਨ ਸਿੰਘ ਮਾਹਿਲ ਪ੍ਰਬੰਧਕ ਮੈਂਬਰ, ਹੋਰ ਪਤਵੰਤੇ ਸੱਜਣ ਅਤੇ ਪਰਿਵਾਰਕ ਮੈਂਬਰ ਵੀ ਹਾਜ਼ਰ ਸਨ। ਸਮੂਹ ਮਾਹਿਲ ਪਰਿਵਾਰ ਵੱਲੋਂ ਸ਼ਾਨਦਾਰ ਅਪਰੇਸ਼ਨ ਕਰਨ ਦੀ ਖ਼ੁਸ਼ੀ ਵਿਚ ਹਸਪਤਾਲ ਨੂੰ 25 ਹਜ਼ਾਰ ਰੁਪਏ ਦਾ ਦਾਨ ਵੀ ਦਿੱਤਾ ਗਿਆ।

ਅਦਾਰਾ ਲੋਕ ਬਾਣੀ ਵਿੱਚ ਛਾਪੀਆਂ ਜਾਂਦੀਆਂ ਖਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇਨ੍ਹਾਂ ਤੱਥਾਂ ਦੀ ਪੜ੍ਹਤਾਲ, ਪੁਸ਼ਟੀ ਕਰ ਲੈਣ। ਰੋਜਾਨਾ ਲੋਕ ਬਾਣੀ 'ਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਂਸਾ ਦਾ ਨਿਪਟਾਰਾ ਸਿਰਫ਼ ਜਲੰਧਰ ਕੋਰਟ ਵਿਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ ਖਬਰਾਂ ਪ੍ਰਤੀ ਜੁਮੇਵਾਰੀ ਸਬੰਧਤ ਪੱਤਰਕਾਰ ਦੀ ਹੋਵੇਗੀ।

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,



**ਅਮਨਦੀਪ ਮਹਿਰਾ**
ਮੁੱਖ ਸੰਪਾਦਕ ਰੋਜ਼ਾਨਾ ਲੋਕ ਬਾਣੀ ਜਲੰਧਰ



**ਅੰਮ੍ਰਿਤਪਾਲ ਸਿੰਘ**
ਐਡਵੋਕੇਟ, ਸਬ-ਅਡੀਟਰ ਰੋਜ਼ਾਨਾ ਲੋਕ ਬਾਣੀ



**ਕੁਲਵੰਤ ਰਾਏ**
ਮੈਨੇਜਿੰਗ ਡਾਇਰੈਕਟਰ ਰੋਜ਼ਾਨਾ ਲੋਕ ਬਾਣੀ



**ਵਿਨੈਪਾਲ ਸਿੰਘ**
ਉਪ ਸੰਪਾਦਕ, ਰੋਜ਼ਾਨਾ ਲੋਕ ਬਾਣੀ



**ਹਰਬੰਸ ਸਿੰਘ ਬਿੱਟੂ**
ਪੱਤਰਕਾਰ ਜਲੰਧਰ, ਰੋਜ਼ਾਨ ਲੋਕ ਬਾਣੀ



**ਭੁਪਿੰਦਰ ਸਿੰਘ**
ਸਲਾਹਕਾਰ ਰੋਜ਼ਾਨਾ ਲੋਕ ਬਾਣੀ



**ਵਰਿੰਦਰ ਕੁਮਾਰ**
ਵੀਡੀਓ ਵਿਭਾਗ ਇੰਚਾਰਜ ਰੋਜ਼ਾਨਾ ਲੋਕ ਬਾਣੀ



**ਸੁਖਚੈਨ ਮਹਿਰਾ**
ਮਾਲਵਾ ਬਿਓਰੋ ਰੋਜ਼ਾਨਾ ਲੋਕ ਬਾਣੀ



**ਡਾ. ਰਮੇਸ਼ ਕੁਮਾਰ**
ਸਲਾਹਕਾਰ ਰੋਜ਼ਾਨਾ ਲੋਕ ਬਾਣੀ



**ਨਵਨੀਤ ਕੁਮਾਰ**
ਇੰਚਾਰਜ਼ ਪੰਜਾਬ ਰੋਜ਼ਾਨਾ ਲੋਕ ਬਾਣੀ



**ਰਜਿੰਦਰ ਕੁਮਾਰ**
ਸੀਨੀਅਰ ਚੀਫ ਫੋਟੋਗ੍ਰਾਫਰ ਜਲੰਧਰ

SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-2770808
FACILITIES AVAILABLE
Ambulance Service 24hrs.
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgierles, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations
Free Medicine for 9am to 5pm

जय भवानी
जय मस्तां दी
जय शिव शंकर
संकट मोचन दरबार
जो आवे सो राजी जावे
Mob.: 98151-01551
39-A, SHANKER GARDEN, NEAR INCOME TAX COLONY, JALANDHAR
E-mail: luckchanger@consultant.com

राजीव शर्मा

DIPS IMT
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS JALANDHAR CITY
www.dipsimt@gmail.com (dipsimt@gmail.com)
CONTACT : 95010-00697, 97806-00998